

# ਆਗਮਨ ਤੇ ਪ੍ਰਵਾਜ਼

ਚਰਨ ਸਿੰਘ

# ਆਗ਼ਮਨ
# ਤੇ
# ਪ੍ਰਵਾਜ਼
(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# AGMAN
# Te
# PARVAZ

( A Collection of Poems )

By : CHARAN SINGH
9251 ARVIDA, DR.
RICHMOND B.C.
V7A4K5
CANADA
Email : virdycharan@gmail.com
Phone : 604-448-0331

© Author

Edition: 2012

Price : Rs. 200/-

Title Designed by : Daljeet Saini

**Published by :**
Punjab Book Centre
Sector 22, Chandigarh
Tel. : 0172-2701952, 27855056

---

ਆਗ਼ਮਨ ਤੇ ਪ੍ਰਵਾਜ਼ (ਕਾਵਿ-ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

## ਪਿਆਰੇ ਆਲੋਚਕ ਮਿੱਤਰ ਤੇ
## ਲੇਖਕ ਸੁਰਿੰਦਰ ਮੋਹਨ ਜੀ ਨੂੰ ਸਮਰਪਿਤ

<u>ਇਸੇ ਕਲਮ ਤੋਂ</u>

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸੂਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਕੋਰਾ ਕਾਗਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012

## ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947

ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ

ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ

ਪਤਨੀ : ਪ੍ਰਕਾਸ਼ ਕੌਰ

ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ

ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ

ਐਮ.ਏ. ਪੰਜਾਬੀ

ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

### ਛਪਾਈ ਅਧੀਨ ਪੁਸਤਕਾਂ

(1) ਹੰਝੂਆਂ ਦੇ ਦਰਿਆ (ਗੀਤਾਂ ਦਾ ਸੰਗ੍ਰਹਿ)

(2) ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)

(3) ਹੋਂਦ ਦੀ ਤਲਾਸ਼ (ਲੰਬੀ ਕਵਿਤਾ)

(4) ਕੁਕਨੂਸ (ਕਾਵਿ ਸੰਗ੍ਰਹਿ)

(5) ਮੌਲੀ ਧਰਤੀ (ਕਾਵਿ ਸੰਗ੍ਰਹਿ)

(6) ਸੰਤੁਲਨ (ਕਾਵਿ ਸੰਗ੍ਰਹਿ)

(7) ਖ਼ਾਲੀ ਘਰ (ਕਾਵਿ ਸੰਗ੍ਰਹਿ)

(8) ਪ੍ਰਦਰਸ਼ਨੀ (ਕਾਵਿ ਸੰਗ੍ਰਹਿ)

(9) ਸਮਾਧੀ (ਕਾਵਿ ਸੰਗ੍ਰਹਿ)

(10) ਮੁਕਤੀ (ਲੰਬੀ ਕਵਿਤਾ)

(11) ਕ੍ਰਾਂਤੀ (ਕਾਵਿ ਸੰਗ੍ਰਹਿ)

(12) ਹਸਤਨਾਪੁਰ (ਕਾਵਿ ਸੰਗ੍ਰਹਿ)

(13) ਜਗਿਆਸਾ (ਕਾਵਿ ਸੰਗ੍ਰਹਿ)

(14) ਪ੍ਰਦੂਸ਼ਨ (ਕਾਵਿ ਸੰਗ੍ਰਹਿ)

(15) ਬਸਤੀ ਤੇ ਸ਼ਹਿਰ (ਕਾਵਿ ਸੰਗ੍ਰਹਿ)

(16) ਅਰਥ (ਕਾਵਿ ਸੰਗ੍ਰਹਿ)

(17) ਸੁਰੱਖਸ਼ਾ (ਕਾਵਿ ਸੰਗ੍ਰਹਿ)

(18) ਮਹਿਮਾ (ਕਾਵਿ ਸੰਗ੍ਰਹਿ)

(19) ਚੁੱਪ ਦੀ ਅਵਾਜ਼ (ਕਾਵਿ ਸੰਗ੍ਰਹਿ)

(20) ਕਿਵ ਸੱਚਿਆਰਾ ਹੋਈਐ (ਨਾਟਕ)

## ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੂਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਦੀਵਾਰ
2. ਜ਼ਫਾ ਤੇ ਜ਼ਖ਼ਮ
3. ਦਿਲ ਦੀ ਘੜੀ
4. ਚਿੰਤਾ 'ਚ ਡੁੱਬੀ ਰੁੱਤ
5. ਅਸੀਂ ਅਲੱਗ ਹਾਂ
6. ਅਸਲ ਘਰ
7. ਸੂਰਜ ਦਾ ਤੇਜ਼
8. ਕਿਰਨਾਂ ਦਾ ਵਣਜਾਰਾ
9. ਬਾਰਸ਼ ਹੋਣ ਵਾਲੀ ਹੈ
10. ਅਤੁੱਲ
11. ਖੇਤਾਂ 'ਚ ਉੱਗੇ ਸਿਰ
12. ਫੌਲਾਦੀ ਸ਼ਬਦ
13. ਇਕੋ ਰਾਹ
14. ਸੁਫ਼ਨ ਘਰ
15. ਮੁਰਦੇ ਦੀ ਹਰਕਤ
16. ਜੰਗਲੀ ਸ਼ਹਿਰ
17. ਵਿਸਾਖੀਆਂ
18. ਇਨਸਾਨ
19. ਉਹ ਘਰ ਹੈ
20. ਸੱਚ ਦਾ ਘੁੱਟ
21. ਆਇਨੇ ਦਾ ਸੱਚ
22. ਤੂੰ ਕਿੱਥੇ ਹੈਂ
23. ਨਗਰ ਪਾਲਕਾ
24. ਪੋਟਾ ਪੋਟਾ ਬੀਜਿਆ
25. ਚਿਹਰੇ ਦਾ ਸੱਚ
26. ਭਰਮ ਹੈ ਸਭ
27. ਪ੍ਛਾਵੇਂ
28. ਸੱਚ ਝੂਠ

## ਦੀਵਾਰ

ਉਸਨੇ
ਆਪਣੇ ਦੁਆਲੇ ਤੋਂ
ਨਜ਼ਰ ਕ਼ੀ ਫੇਰੀ
ਕਿ ਉਸ ਵਿਚਲੇ ਬ੍ਰਹਿਮੰਡ
ਉਸ ਵਿਚਲੀਆਂ
ਨਦੀਆਂ ਦਰਿਆ ਸਾਗਰ
ਪਹਾੜ ਜੰਗਲ
ਸਭ
ਉਸਨੂੰ ਤਿਆਗ਼ ਗਏ
ਦੁਨੀਆਂ ਤੇ ਲਹੂ ਦੇ
ਰਿਸ਼ਤਿਆਂ
ਉਸ ਤੋਂ ਮੂੰਹ ਫੇਰਿਆ
ਮਿੱਤਰਾਂ ਰਿਸ਼ਤੇਦਾਰਾਂ
ਆਂਢ ਗੁਆਂਢ
ਉਸਦੇ ਜਾਣਕਾਰ
ਸਭਨਾਂ ਲਈ ਉਹ ਅਜ਼ਨਬੀ
ਹੋ ਗਿਆ
ਉਹ
ਆਪਣੇ ਆਪ 'ਚ
ਏਨਾ ਪ੍ਰੇਸ਼ਾਨ ਹੋ ਗਿਆ
ਕਿ ਆਪਣੇ ਦੁਆਲੇ ਤੋਂ
ਅਣਜਾਣ ਹੋ ਗਿਆ

-0-

ਉਹ
ਆਪਣੇ ਆਪ 'ਚ
ਏਨਾ ਇਕੱਲਾ ਹੋ ਗਿਆ
ਕਿ ਆਪਣੀ
ਇਕੱਲਤਾ ਦਾ ਝੱਲਾ ਹੋ
ਗਿਆ
ਉਸਦੇ ਅੰਦਰ ਚੁੱਪ ਸੀ
ਇਕੱਲ ਸੀ
ਉਦਾਸੀ ਸੀ ਉਜਾੜ ਸੀ

-0-

ਉਸਦੇ ਦੁਆਲੇ
ਉਸਦਾ ਅੰਦਰ ਫੈਲ ਗਿਆ
ਕੋਇਲ ਦੇ ਬੋਲ
ਉਸ 'ਚ ਵੈਰਾਗ
ਮੋਰ ਦਾ ਨਾਚ
ਉਸ 'ਚ ਉਪਰਾਮਤਾ
ਜੀਵਨ ਦੀ ਵਗਦੀ ਨਦੀ
ਉਸ 'ਚ
ਮੌਤ ਦਾ ਭੈਅ
ਤੇ ਕਬਰਾਂ ਦੀ ਚੁੱਪ ਧਰ ਗਈ
ਉਹ ਤੰਦੂਰ ਵਾਗ ਤਪ ਗਿਆ
ਚੜ੍ਹਦਾ ਸੂਰਜ

ਉਸ ਲਈ ਹਨ੍ਹੇਰੇ
ਕਰ ਗਿਆ

-0-

ਉਸਨੇ
ਆਪਣੇ ਦੁਆਲੇ ਤੋਂ ਨਜ਼ਰ
ਫੇਰੀ ਸੀ
ਤੇ ਆਪਣੇ ਅੰਦਰਲੇ ਵਲ
ਲਾਈ ਸੀ
ਜੋ ਉਸਦੇ ਦੁਆਲੇ
ਉਸਦੇ ਖੋਲ ਦੀ ਹੋਂਦ ਸੀਂ
ਸੱਚਾਈ ਸੀ

-0-

ਉਸਦਾ
ਅੰਦਰਲਾ ਬੋਲਿਆ
ਤੂੰ ਪਰਖ਼ ਲਿਆ ਹੈ ਨਾ
ਇਹ ਜੋ
ਤੈਨੂੰ ਤਿਆਗ਼ ਗਏ ਹਨ
ਕਦੀ ਵੀ
ਤੇਰੇ ਨਹੀਂ ਸਨ
ਇਨ੍ਹਾਂ ਦਾ ਸੱਚ ਭਰਮ ਸੀ
ਝੂਠਾ ਇਨ੍ਹਾਂ ਦਾ ਕਰਮ ਸੀ
ਇਹ ਮੌਸਮੀ ਵਜ਼ੂਦ ਸਨ

ਸੁਫ਼ਨਈ ਵਜ਼ੂਦ ਸਨ
ਤੇਰੇ ਤੇ ਮੇਰੇ
ਵਿਚਲੀ ਦੀਵਾਰ ਸਨ
ਇਹ ਪਲ ਦੋ ਪਲ ਸਨ
ਨਾ ਸਦਾ ਬਹਾਰ ਸਨ

-0-

ਜਦ ਤੂੰ ਮੇਰੇ ਵੱਲ ਮੁੜਿਆ
ਮੈਂ ਤੇਰੇ ਹਜ਼ੂਰ ਹੋ ਗਿਆ
ਤੂੰ ਮੇਰੇ ਹਜ਼ੂਰ ਹੋ ਗਿਆ
ਮੈਂ ਤੇਰਾ
ਤੂੰ ਮੇਰਾ ਨੂਰ ਹੋ ਗਿਆ
ਜੋ ਮਰਨ ਤੋਂ ਪਹਿਲਾਂ
ਮਰਨ ਤੋਂ ਪਿੱਛੋਂ ਤਕ ਦਾ
ਸਾਥ ਹੈ
ਜੋ ਅਦਿ ਸੱਚ ਹੈ ਜੁਗਾਦਿ ਸੱਚ ਹੈ
ਜੋ ਸਦਾ ਬਹਾਰ ਹੈ

-0-

ਜੋ ਤੈਨੂੰ ਤੇਰੇ ਕਹਿੰਦੇ ਸਨ
ਸਦਾ
ਉਹ ਕੰਡ ਦੇ ਕੇ ਮੁੜ ਗਏ
ਉਹ ਰੇਤ ਦੀਆਂ ਕੰਧਾਂ ਸਨ
ਰੇਤ ਵਾਂਗ ਭੁਰ ਗਏ

-----

## ਜ਼ਫ਼ਾ ਦੇ ਜ਼ਖ਼ਮ

ਮੇਰੀ ਜ਼ਫ਼ਾ ਲਈ
ਜੋ ਜ਼ਖ਼ਮ ਦੇ ਗਿਆ ਸੈਂ ਤੂੰ
ਉਹ ਜ਼ਖ਼ਮ ਤਾਂ ਮਿਟ
ਗਏ ਹਨ
ਪਰ
ਉਨ੍ਹਾਂ ਜ਼ਖ਼ਮਾਂ ਦੇ ਦਾਗ਼
ਫੁੱਲ ਬਣ ਕੇ
ਮੇਰੇ ਚਿਹਰੇ ਤੇ ਉੱਗ
ਆਏ ਹਨ

-0-

ਤੂੰ ਨਹੀਂ.
ਫਿਰ ਵੀ ਮੈਂ
ਫੁੱਲਾਂ ਦੀਆਂ ਮਹਿਕਾਂ
ਕਲੀਆਂ ਦਾ ਹੁਸਨ
ਗੁਲਜ਼ਾਰ ਦੇ ਰੰਗ ਹੰਢਾਉਂਦਾ ਹਾਂ
ਮੈਂ
ਤੈਨੂੰ ਯਾਦ ਆਉਂਦਾ ਹਾਂ ਕਿ ਨਹੀਂ
ਪਰ ਤੈਨੂੰ
ਮੈਂ ਹਰ ਥਾਂ ਤੇ ਪਾਉਂਦਾ ਹਾਂ

-0-

ਤੂੰ ਮੇਰੇ ਚਿਹਰੇ ਤੇ

ਖਿੜਿਆ ਗੁਲਜ਼ਾਰ ਹੈਂ
ਮੇਰੇ ਸਾਹਾਂ ਦੀ ਬਹਾਰ ਹੈਂ
ਮੇਰੀ ਕੰਡ ਚੋਂ ਨਹੀਂ
ਮੇਰੇ ਮਸਤਕ ਚੋਂ ਖੁੱਲ੍ਹਦਾ
ਦੁਆਰ ਹੈਂ

-0-

ਸੋਚਦਾ ਹਾਂ
ਜੇ ਮੈਂ ਬੇਵਫ਼ਾ ਨਾ ਹੁੰਦਾ
ਤਾਂ
ਇਹ ਸਿਲਸਿਲਾ ਨਾ ਹੁੰਦਾ
ਜੋ ਰਹਿਮਤ ਹੈ
ਤੇਰੀ ਮੇਰੇ ਤੇ
ਮੈਂ ਉਹ ਰਹਿਮਤ ਜੀਅ
ਰਿਹਾ ਨਾ ਹੁੰਦਾ
ਬੀਜ ਕੇ ਜ਼ਫ਼ਾ ਦਾ ਮੌਹਰਾ
ਨਾ ਅੰਮ੍ਰਿਤ ਪੀ ਰਿਹਾ ਹੁੰਦਾ

-0-

ਤੇਰਾ
ਇਹ ਰੂਪ ਤੱਕ ਕੇ
ਮੈਂ ਅੱਜ
ਇਨਸਾਨ ਬਣਿਆ ਹਾਂ
ਤੇਰੇ ਸੰਗ ਵਫ਼ਾ ਕਰੇ ਕੋਈ
ਤੇਰੇ ਸੰਗ ਜ਼ਫ਼ਾ ਕਰੇ ਕੋਈ

ਤੂੰ ਮੂਰਤ ਪਿਆਰ ਦੀ ਹੈਂ
ਪਿਆਰ ਦੀ ਹੀ ਰਹਿੰਦੀ ਹੈਂ
ਬੇਵਫ਼ਾ ਨੂੰ ਬੇਵਫ਼ਾ ਨਹੀਂ
ਕਹਿੰਦੀ
ਬਾਵਫ਼ਾ ਨੂੰ ਬਾਵਫ਼ਾ
ਕਹਿੰਦੀ ਹੈ

-0-

ਮੇਰੀ ਜ਼ਫ਼ਾ ਲਈ
ਜੋ ਜ਼ਖ਼ਮ ਦੇ ਗਿਆ ਸੈਂ ਤੂੰ
ਉਹ ਜ਼ਖ਼ਮ ਤਾਂ ਮਿਟ ਗਏ ਹਨ
ਪਰ
ਉਨ੍ਹਾਂ ਜ਼ਖ਼ਮਾਂ ਦੇ ਦਾਗ਼
ਫੁੱਲ ਬਣ ਕੇ
ਮੇਰੇ ਚਿਹਰੇ ਤੇ ਉੱਗ ਆਏ ਹਨ

-----

## ਦਿਲ ਦੀ ਘੜੀ

ਘੜੀ ਦੀਆਂ ਸੂਈਆਂ
ਵਕਤ ਅੰਕਿਤ ਕਰਦੀਆਂ ਹਨ
ਸਵੇਰ ਹੈ ਦੁਪਹਿਰ ਹੈ
ਸ਼ਾਮ ਹੈ ਜਾਂ ਰਾਤ ਹੈ
ਦੱਸਦੀਆਂ ਹਨ

-0-

ਤੇਰੀ ਨਜ਼ਰ
ਜਦ ਮੇਰੇ ਤੇ ਪੈਂਦੀ ਹੈ
ਮੇਰੇ ਦਿਲ ਦੀ ਘੜੀ
ਦੱਸਦੀ ਹੈ
ਕਿ ਪ੍ਰਭਾਤ ਹੈ

-0-

ਤੇਰੀ ਨਜ਼ਰ
ਜਦ ਮੈਨੂੰ ਘੇਰ ਲੈਂਦੀ ਹੈ
ਤਾਂ ਮੇਰੇ ਦਿਲ ਦੀ
ਘੜੀ ਦੱਸਦੀ ਹੈ
ਕਿ ਦੁਪਹਿਰ ਹੈ

-0-

ਤੇਰੀ ਨਜ਼ਰ
ਜਦ ਮੈਨੂੰ ਲਿਪਟ ਜਾਂਦੀ ਹੈ

ਤਾਂ ਮੇਰੇ
ਦਿਲ ਦੀ ਘੜੀ ਦੱਸਦੀ ਹੈ
ਸੁਹਾਣੀ ਸ਼ਾਮ ਹੈ

-0-

ਤੂੰ ਜਦ
ਅੱਖ਼ਾਂ ਝਪਕਦੀ ਹੈਂ
ਤਾਂ ਮੇਰੇ ਦਿਲ ਦੀ
ਘੜੀ ਦੱਸਦੀ ਹੈ
ਕਿ ਰਾਤ ਹੈ

-0-

ਨਾ ਤੇਰੀ ਨਜ਼ਰ
ਨਾ ਮੇਰੇ ਦਿਲ ਦੀ ਘੜੀ
ਵਕਤ ਦੀ ਮੁਥਾਜ਼ ਹੈ
ਤੇਰੀ ਰਹਿਮਤ
ਤੇਰੀ ਨਿਹਮਤ
ਸਮਾਂ ਅੰਕਿਤ ਕਰਦੀ ਹੈ
ਮੇਰੇ ਦਿਲ ਦੀ ਘੜੀ
ਸਮੇਂ ਦਾ ਰੰਗ ਰੂਪ
ਤਾਸੀਰ ਤੇ ਜ਼ਮੀਰ ਦੱਸਦੀ
ਹੈ

-----

# ਚਿੰਤਾ 'ਚ ਡੁੱਬੀ ਰੁੱਤ

ਉਹ ਸ਼ਬਦ
ਜੋ ਬਜ਼ਾਰਾਂ ਦੀ ਭੀੜ ਸਨ
ਸੜਕਾਂ ਤੇ ਜਲੂਸ ਸਨ
ਚੌਂਕਾਂ ਚੌਰਾਹਿਆਂ 'ਚ ਕਾਫ਼ਲੇ
ਸਨ ਹਜੂਮ ਸਨ
ਜੋ ਆਪਣਾ
ਢਿੱਡ ਨੰਗਾ ਕਰਕੇ
ਅਰਥਾਂ ਨੂੰ ਵਿਖਾ ਰਹੇ ਸਨ
ਰੁਜ਼ਗਾਰ ਲਈ
ਭੁੱਖ ਲਈ ਗਰੀਬੀ ਲਈ
ਭ੍ਰਿਸ਼ਟਾਚਾਰ ਰਿਸ਼ਵਤਖੋਰੀ
ਲਈ
ਆਪਣੇ ਆਪ ਨੂੰ
ਇਕ ਇਕ ਕਰਕੇ ਮੁਕਾ ਰਹੇ
ਸਨ

-0-

ਜੋ ਖੇਤਾਂ 'ਚ
ਬਰੂਦ ਦੀ ਥਾਂ ਅੰਨ੍ਹ
ਉੱਗਾਉਣਾ ਚਾਹੁੰਦੇ ਸਨ
ਜੋ ਪ੍ਰਕਿਰਤੀ 'ਚ
ਧੂੰਏਂ ਦੀ ਥਾਂ

ਹਰਿਆਵਲ ਚਾਹੁੰਦੇ ਸਨ
ਜੋ ਸੁੱਥਰੀ ਹਵਾ
ਸਾਫ਼ ਜਲ
ਹਰੀ ਧਰਤੀ
ਤੇ ਨੀਲਾ ਅਕਾਸ਼ ਚਾਹੁੰਦੇ
ਸਨ
ਅਥਰੂ ਗੈਸ ਲਾਠੀਆਂ ਤੇ
ਗੋਲੀਆਂ ਦੀ ਮਾਰ ਹੇਠ ਆਏ
ਮਾਰੇ ਗਏ ਹਨ

-0-

ਕੁੱਝ ਲੋਹੇ ਦੀਆਂ ਸਿਲਾਖ਼ਾਂ
ਪਿੱਛੇ
ਅੱਡੀਆਂ ਰਗੜ ਰਹੇ ਹਨ
ਕੁੱਝ ਰੁੱਖਾਂ ਨਾਲ ਬੰਨ੍ਹ ਕੇ
ਸਾੜੇ ਗਏ ਹਨ
ਕੁੱਝ ਪੁਲਸ ਮੁਕਾਬਲੇ 'ਚ
ਮਾਰੇ ਗਏ ਹਨ

-0-

ਹੁਣ ਮੁਲਕ 'ਚ
ਨਾ ਭੁੱਖ ਹੈ ਨਾ ਗਰੀਬੀ
ਨਾ ਬੇਰੁਜ਼ਗਾਰੀ ਹੈ

ਨਾ ਭ੍ਰਿਸ਼ਟਾਚਾਰ
ਨਾ ਰਿਸ਼ਵਤਖੋਰੀ ਦੀ
ਸਰਦਾਰੀ ਹੈ
ਖੇਤ ਅੰਨ੍ਹ ਦੀਆਂ
ਫਸਲਾਂ ਨਾਲ ਲਹਿਰਾ
ਰਹੇ ਹਨ
ਜਲ ਪੁਣਿਆ ਗਿਆ ਹੈ
ਹਵਾ ਛਾਣੀ ਗਈ ਹੈ
ਧਰਤੀ ਕਲੀ ਕੀਤੀ ਗਈ ਹੈ
ਅੰਬਰ ਧੋਇਆ ਗਿਆ ਹੈ
ਮੁਲਕ ਦਾ ਪ੍ਰਸ਼ਾਸਨ
ਇਸ ਗੱਲ ਦੀ ਹਾਮੀ
ਭਰ ਰਿਹਾ ਹੈ
ਕਾਨੂੰਨੀ ਵਿਵਸਥਾ ਸੁੱਖ
ਸ਼ਾਂਤੀ ਅਮਨ ਦਾ ਬੋਲ
ਬੁਲੰਦ ਕਰ ਰਿਹਾ ਹੈ

-0-

ਮੁਲਕ ਦੇ ਅਰਥਾਂ ਚੋਂ
ਨੁਚੜੀ ਭੀੜ
ਸ਼ਬਦਾਂ ਦਾ ਹਜ਼ੂਮ
ਸ਼ਬਦਾਂ ਦੇ ਕਾਫ਼ਲੇ
ਸ਼ਬਦਾਂ ਦੀਆਂ ਨਦੀਆਂ
ਨਾਲੇ ਦਰਿਆ

ਚਸ਼ਮੇ ਝਰਨੇ
ਸਭ ਸਾਗਰ ਦਾ ਰੂਪ
ਧਾਰ
ਮੁਲਕ ਸਾਵੇਂ
ਆ ਖਲੋਤੇ ਹਨ
ਹੁਣ
ਉਨ੍ਹਾਂ ਦੇ ਢਿੱਡ ਨੰਗੇ ਨਹੀਂ
ਸਗੋਂ
ਸਭਨਾਂ ਦੇ ਸਿਰ
ਤਲੀਆਂ ਤੇ ਹਨ
ਮੁਲਕ ਹੈਰਾਨ ਹੈ
ਮੁਲਕ 'ਚ
ਹਰ ਥਾਂ ਸੁੱਖ ਸ਼ਾਂਤੀ
ਅਮਨ ਦਾ ਸਮਾਨ ਹੈ
ਇਹ ਕਿਹੜੇ ਸਿਰਾਂ ਦੇ
ਸ਼ਬਦਾਂ ਦਾ
ਆਇਆ ਤੂਫ਼ਾਨ ਹੈ
ਮੁਲਕ ਦੀ ਕਾਰਜ ਪ੍ਰਣਾਲੀ
ਪੱਥਰ ਦਾ ਬੁੱਤ ਹੋ ਗਈ ਹੈ
ਸੋਚਾਂ 'ਚ ਡੁੱਬਾ ਮੌਸਮ ਹੋ ਗਈ ਹੈ
ਚਿੰਤਾ 'ਚ ਡੁੱਬੀ
ਰੁੱਤ ਹੋ ਗਈ ਹੈ

-0-

## ਅਸੀਂ ਅਲੱਗ ਹਾਂ

ਮੇਰੇ ਆਸੇ ਪਾਸੇ
ਸੜਕਾਂ ਹਨ
ਬਜ਼ਾਰ ਹਨ ਗਲੀਆਂ
ਚੌਂਕ ਚੌਂਰਾਹੇ ਹਨ
ਲੋਕਾਂ ਦੀ ਭੀੜ ਹੈ
ਜਿਸ ਚੋਂ
ਮੈਂ ਇਕੱਲਾ ਗੁਜ਼ਰ ਰਿਹਾ
ਹਾਂ

-0-

ਦੁਆਲੇ ਸ਼ੋਰ ਹੈ
ਚੀਕ ਚਿਹਾੜਾ ਹੈ
ਹੱਲਾ ਗੁੱਲਾ ਹੈ
ਮੈਂ ਚੁੱਪ ਹਾਂ
ਮੇਰੀ ਚੁੱਪ ਮੇਰੇ ਨਾਲ
ਮੈਂ ਆਪਣੀ ਚੁੱਪ ਨਾਲ ਤੁਰ
ਰਿਹਾ ਹਾਂ
ਦੁਆਲੇ 'ਚ ਮੇਰਾ ਕੁੱਝ ਨਹੀਂ
ਦੁਆਲਾ ਮੇਰੇ ਤੋਂ
ਅਲੱਗ ਹੈ
ਮੈਂ ਦੁਆਲੇ ਤੋਂ ਅਲੱਗ ਹਾਂ

-0-

ਮੇਰੇ ਦੁਆਲੇ ਪਹਾੜ ਹਨ
ਜੰਗਲ ਹਨ ਸਹਿਰਾ ਹਨ
ਦਰਿਆ ਨਦੀਆਂ
ਸਾਗਰ ਹਨ
ਪਰ ਮੇਰੇ ਅੰਦਰ ਧੂੜ ਹੈ
ਖੰਡਰ ਹਨ
ਚੁੱਪ ਹੈ ਉਦਾਸੀ ਹੈ
ਪੱਤਝੜ ਹੈ ਉਜਾੜ ਹੈ

-0-

ਜੇ
ਮੈਂ ਆਪਾ ਦੁਆਲੇ 'ਚ
ਧਰਦਾ ਹਾਂ
ਦੁਆਲਾ ਆਪੇ 'ਚ
ਧਰਦਾ ਹਾਂ
ਤਾਂ ਦੁਆਲੇ ਦਾ ਸੱਚ
ਮੇਰਾ ਹੋ ਜਾਂਦਾ ਹੈ
ਮੈਂ ਮੈਂ ਨਹੀਂ ਰਹਿੰਦਾ
ਦੁਆਲਾ ਦੁਆਲਾ ਨਹੀਂ
ਰਹਿੰਦਾ
ਇਕ ਦੂਜੇ ਦਾ
ਇਕ ਦੂਜੇ ਦੀ ਥਾਂ ਤੇ
ਕਲਬੂਤ ਰਹਿੰਦਾ ਹੈ

-0-

ਕਲਬੂਤ ਨਾਲ
ਕਲਬੂਤ ਦੀ ਕੀ ਸਾਂਝ ਹੈ
ਕਲਬੂਤ ਨੂੰ
ਕਲਬੂਤ ਦੀ ਕੀ ਪਹਿਚਾਣ ਹੈ
ਇਸ ਲਈ
ਮੇਰੇ 'ਚ ਜੋ ਮੇਰਾ ਆਪਾ ਹੈ
ਦੁਆਲੇ 'ਚ
ਆਪਣਾ ਆਪਾ ਹੈ
ਭਾਵੇਂ ਇਕ ਦੂਜੇ ਦੇ
ਵਿਪਰੀਤ ਹਾਂ
ਇਕ ਦੂਜੇ ਨੂੰ ਜਾਣਦੇ ਤਾਂ
ਹਾਂ
ਪਹਿਚਾਣਦੇ ਤਾਂ ਹਾਂ
ਇਕ ਦੂਜੇ ਲਈ
ਅਜ਼ਨਬੀ ਤਾਂ ਨਹੀਂ
ਪਰਾਏ ਤਾਂ ਨਹੀਂ
ਅਜ਼ਨਬੀਆਂ 'ਚ ਅਹਿਸਾਸ
ਨਹੀਂ ਹੁੰਦਾ

-0-

ਅਸੀਂ
ਬੇਸ਼ੱਕ
ਇਕ ਦੂਜੇ ਦੇ ਵਿਪਰੀਤ ਹਾਂ

ਇਕ ਦੂਜੇ ਦੇ ਭੈਅ
ਸਦਕਾ
ਆਪਣੀ ਆਪਣੀ ਹੋਂਦ
ਕਾਇਮ ਤਾਂ ਰੱਖਦੇ ਹਾਂ
ਆਪਣਾ ਆਪਾ ਸੱਚ
ਤਾਂ ਪਹਿਚਾਣਦੇ ਹਾਂ
ਆਪਣੇ ਆਪਣੇ ਹਨ੍ਹੇਰੇ 'ਚ
ਤਾਂ ਜਗਦੇ ਹਾਂ
ਸਾਨੂੰ ਸਾਡੀ ਅਲੱਗਤਾ
ਦਾ ਪਾਸ ਤਾਂ ਹੈ
ਜ਼ਿੰਦਗੀ ਦੇ ਵੇਗ ਦਾ
ਵਿਪਰੀਤਤਾ ਚੋਂ ਜਨਮਨ ਦਾ
ਅਹਿਸਾਸ ਤਾਂ ਹੈ

-0-

ਕੀ ਹੋਇਆ
ਅਸੀਂ ਅਲੱਗ ਹਾਂ
ਇਕ ਦੂਜੇ ਦੇ ਵਿਪਰੀਤ ਹਾਂ
ਵਿਪਰੀਤਤਾ
ਜੀਵਨ ਗਤੀਸ਼ੀਲਤਾ ਦੇ
ਹਾਣ ਦਾ ਰੱਖਦੀ ਹੈ
ਜੀਵਨ ਜੀਊਣ ਦਾ ਬਲ
ਬਖ਼ਸ਼ਦੀ ਹੈ
ਆਪਣੇ ਆਪ 'ਚ ਮੱਘਦੇ
ਰਹਿਣ ਦਾ ਅਹਿਸਾਸ ਰਹਿੰਦਾ ਹੈ
ਆਪਣੇ ਹਨ੍ਹੇਰੇ 'ਚ ਬਲਦੇ
ਰਹਿਣ ਦਾ ਸਵਾਲ ਰਹਿੰਦਾ ਹੈ

-----

## ਅਸਲ ਘਰ

ਉਹ ਜਦ ਵੀ
ਘਰ ਦੇ ਠੰਡੇ ਚੁਲ੍ਹੇ ਨੂੰ ਵੇਖਦਾ
ਚੌਂਕੇ 'ਚ ਖ਼ਾਲੀ ਬਰਤਨਾਂ
ਤੇ ਜਲ ਦੇ ਪਿਆਸੇ ਘੜੇ
ਨੂੰ ਨਿਹਾਰਦਾ
ਵਿਹੜੇ ਛੱਤਾਂ ਬੂਹੇ ਬਾਰੀਆਂ ਤੇ
ਝਾਤੀ ਮਾਰਦਾ
ਤਾਂ
ਉਸਨੂੰ ਲੱਗਦਾ
ਉਹ ਇਸ ਘਰ ਵਾਂਗ
ਕਿੰਨਾ ਸੱਖਣਾ ਹੈ
ਉਸਦੀ ਜ਼ਿੰਦਗੀ ਚੋਂ
ਜੀਵਨ ਆਲੋਪ ਹੈ
ਉਹ ਭਟਕਣ ਉਪਰਾਮਤਾ
ਵੈਰਾਗ ਉਦਾਸੀ ਤੇ
ਤ੍ਰਿਸ਼ਨਾ ਦੀ ਝੋਕ ਹੈ

-0-

ਉਸਦਾ ਮੱਥਾ ਉਬਲਦਾ
ਉਸਦੀਆਂ ਅੱਖ੍ਹਾਂ ਚੋਂ
ਉਪਰਾਮਤਾ ਝਾਕਦੀ

ਉਸਦਾ ਦਿਲ ਉੱਡਦਾ
ਉਹ ਆਪਣੇ ਆਪ 'ਚ
ਰਿੱਝਦਾ
ਭਟਕਦਾ ਤੇ ਉਦਾਸ ਹੋ
ਜਾਂਦਾ
ਨਾ ਉਸਦੇ ਮਨ ਨੂੰ ਸਕੂਨ ਸੀ
ਨਾ ਉਸਨੂੰ
ਸਰੀਰਕ ਅਰਾਮ ਸੀ
ਉਹ ਜ਼ਿੰਦਗੀ ਤੋਂ ਬੜਾ
ਉਤਾਵਲਾ ਤੇ ਬੇਅਰਾਮ ਸੀ
ਨਾ ਉਸਦੇ ਪੈਰਾਂ 'ਚ
ਹਰੀ ਧਰਤ ਸੀ
ਨਾ ਚੰਦਰਮਾ ਨਾ ਚਾਂਦਨੀ
ਨਾ ਸੁੱਖ ਨਾ ਚੈਨ
ਉਸਦੀ ਨਜ਼ਰ ਸੀ
ਉਹ ਜ਼ਖ਼ਮੀ ਪੰਛੀ ਦੀ ਤਰ੍ਹਾਂ
ਤੜਫ਼ਦਾ ਸੀ
ਉਹ ਮਨ ਦੀ ਸ਼ਾਂਤੀ
ਸੁੱਖ ਚੈਨ ਲਈ
ਅੱਡੀਆਂ ਰਗੜਦਾ ਸੀ
ਕਿ ਉਹ
ਜ਼ਿੰਦਗੀ ਤੋਂ ਪੱਲਾ ਛੁੱਡਾ ਸਕੇ
ਦੇਹ ਦੀ ਤ੍ਰਿਪਤੀ
ਮਨ ਦਾ ਚੈਨ ਪਾ ਸਕੇ

-0-

ਉਸ ਮਨ ਦੇ ਸਕੂਨ ਲਈ
ਘਰ ਦਾ ਦਰਵਾਜ਼ਾ ਬੰਦ ਕਰ
ਖੇਸ ਦੀ ਬੁੱਕਲ ਮਾਰ
ਘਰੋਂ ਬਾਹਰ ਨਿਕਲ ਗਿਆ
ਪਿੰਡੋਂ ਬਾਹਰ
ਸਿਵਿਆਂ 'ਚ ਠਹਿਰਿਆ
ਉਸ ਨੂੰ ਬੜਾ
ਸਕੂਨ ਆਇਆ
ਉਸਦੀ ਦੇਹ 'ਚ ਸੀਤ
ਹਵਾ ਦੇ ਬੁੱਲ੍ਹੇ ਵਗੇ
ਪੂਰੇ ਦਾ ਪੂਰਾ ਚੰਨ
ਉਸਦੀ ਦੇਹ 'ਚ ਉਤਰ
ਆਇਆ
ਉਸ ਨੂੰ ਸਿਵਿਆਂ 'ਚ
ਚਾਂਦਨੀ ਖਿਲਾਰਦਾ ਨਜ਼ਰ
ਆਇਆ

-0-

ਉਸ ਦੀ ਰੂਹ
ਪੁਰ ਸਕੂਨ ਹੋ ਗਈ
ਮਹਿਕਦੀ ਜ਼ਿੰਦਗੀ
ਉਸਨੂੰ ਲਿਪਟ ਗਈ
ਉਸਦਾ ਚੁੱਲ੍ਹਾ ਮੱਘ ਪਿਆ

ਜਲ ਦੇ ਘੜੇ ਦੀ
ਪਿਆਸ ਬੁੱਝ ਗਈ
ਵਿਹੜੇ ਛੱਤਾਂ ਬੂਹੇ ਬਾਰੀਆਂ
ਚੋਂ
ਉਸਨੂੰ
ਆਪਣਾ ਚਿਹਰਾ ਨਜ਼ਰ
ਆਇਆ
ਮੁਜੱਸਮਾਂ ਨੂਰ ਦਾ
ਉਸਦੇ ਨੈਣੀ ਉਤਰ ਆਇਆ
ਉਹ
ਸਿਰ ਤੋਂ ਪੈਰਾਂ ਤੱਕ ਨੂਰੋ
ਨੂਰ ਹੋ ਗਿਆ
ਸ਼ਾਂਤੀ ਦਾ ਪੁੰਜ ਹੋ ਗਿਆ
ਭਟਕਣਾ ਤੋਂ ਦੂਰ ਹੋ ਗਿਆ

-0-

ਉਸ ਵੇਖਿਆ
ਕਿ ਉਸਦਾ ਸਾਇਆ
ਚਾਦਰ ਦੀ ਬੁੰਬਲਮਾਰ
ਉਸ ਵੱਲ
ਆ ਰਿਹਾ ਹੈ
ਸਾਇਆ ਦੇਖਦਾ
ਤੇ ਆਖਦਾ ਹੈ

ਤੂੰ ਇੱਥੇ ਬੈਠਾ ਹੈਂ
ਮੈਂ ਤੈਨੂੰ ਸਾਰੇ ਪਿੰਡ 'ਚ
ਭਾਲ ਆਇਆ ਹਾਂ
ਤੇਰੇ ਘਰ ਦਾ ਕੋਨਾ ਕੋਨਾ
ਛਾਣ ਆਇਆ ਹਾਂ
ਤੂੰ ਤਾਂ
ਕਿਤੇ ਵੀ ਨਹੀਂ ਸੈਂ

-0-

ਉਹ ਬੋਲਿਆ
ਉਹ ਪਿੰਡ ਉਹ ਘਰ
ਉਹ ਸਾਜੋ ਸਮਾਨ
ਕੁੱਝ ਵੀ ਮੇਰਾ ਨਹੀਂ
ਇਕ ਕਲਬੂਤ ਹੈ
ਸੱਖਣੀ ਰੂਹ ਹੈ
ਉਸ 'ਚ ਮੇਰੀ ਰੂਹ ਦਾ
ਮੇਰੇ ਸੱਚ ਦਾ ਡੇਰਾ ਨਹੀਂ
ਇਨ੍ਹਾਂ ਸਿਵਿਆਂ 'ਚ
ਸ਼ਾਤੀ ਦਾ ਘਰ ਹੈ
ਮੇਰੇ ਅੰਦਰ ਵੱਲ ਖੁੱਲ੍ਹਦਾ
ਜਿਸਦਾ ਦਰ ਹੈ
ਇਥੇ ਸੁੱਖ ਸ਼ਾਂਤੀ ਚੈਨ ਹੈ
ਅਰਾਮ ਹੈ

ਮੇਰੇ ਰਹਿਣ ਲਈ
ਅਸਲ ਇਹ ਸਥਾਨ ਹੈ
ਮੈਂ ਸੋਚਦਾ ਹਾਂ
ਮੈਂ ਇਥੇ
ਇਕ ਦਿਨ ਤਾਂ ਆਉਣਾ
ਹੀ ਹੈ
ਕਿਉਂ ਨਾ ਪਹਿਲਾਂ ਹੀ
ਆਪਣੇ ਠਿਕਾਣੇ ਦਾ ਚੁੱਲ੍ਹਾ
ਚੌਂਕਾ ਵਿਹੜਾ
ਕੰਧਾਂ ਤੇ ਛੱਤਾਂ ਪਹਿਚਾਣ ਲਾਂ
ਆਪਣੇ ਸੱਚ ਦਾ
ਵਾਕਿਫ਼ ਹੋ ਜਾਂ
ਆਪਣੀ ਸਕੂਨਤ ਰੂਹ ਦਾ
ਚਿਹਰਾ ਸਿਆਣ ਲਾਂ

-----

## ਸੂਰਜ਼ ਦਾ ਤੇਜ਼

ਉਹ
ਧਰਤੀ ਤੋਂ ਉੱਠਿਆ
ਅੰਬਰ 'ਚ ਉਤਰ ਗਿਆ
ਉਸਨੇ
ਸੂਰਜ ਅੰਬਰ ਤੋਂ ਤੋੜ ਕੇ
ਆਪਣੇ ਮੂੰਹ 'ਚ ਪਾ
ਲਿਆ
ਆਪਣੇ ਆਪ ਨੂੰ ਨਿੱਘ
ਤੇ ਤੇਜ਼ ਦਾ
ਮੁਜੱਸਮਾਂ ਬਣਾ ਲਿਆ
ਉਸ 'ਚ
ਇਨਾਂ ਨਿੱਘ ਸਮਾ ਗਿਆ
ਕਿ ਉਹ ਠਰ ਰਹੀ
ਜ਼ਿੰਦਗੀ ਦਾ ਪਿੰਡਾ ਗਰਮਾ
ਗਿਆ

-0-

ਉਹ
ਜਿਸ ਖੇਤ ਚੋਂ ਲੰਘਦਾ
ਉਸਦੀ ਫ਼ਸਲ ਪੱਕ ਜਾਂਦੀ
ਉਹ
ਜਿਸ ਬਾਗ਼ ਚੋਂ ਲੰਘਦਾ
ਉਸਦੇ ਫੱਲ ਪੱਕ ਜਾਂਦੇ

-0-

ਹੜ੍ਹਾਂ ਦੀ ਮਾਰੀ
ਧਰਤ ਤੇ ਖਲੋਂਦਾ
ਉਹ ਧਰਤ ਨੁਚੜ ਜਾਂਦੀ
ਉਸਦੀ ਸਲ੍ਹਾਬ ਮੁੱਕ ਜਾਂਦੀ
ਉਸਦੀ ਸੇਮੀ ਦੇਹ
ਉਪਜਾਊ ਧਰਤ ਦਾ
ਰੂਪ ਧਾਰਦੀ
ਆਪਣੀ ਕੁੱਖ਼ 'ਚ ਅੰਨ੍ਹ ਦਾ
ਬੀਜ ਉਤਾਰਦੀ
ਤੇ ਫ਼ਸਲਾਂ ਦਾ ਰੂਪ
ਧਾਰਦੀ

-0-

ਉਹ
ਕੱਚਿਆਂ ਘਰਾਂ 'ਚ
ਪ੍ਰਵੇਸ਼ਦਾ
ਕੱਚੇ ਘਰਾਂ ਦੀਆਂ ਕੰਧਾਂ
ਛੱਤਾਂ ਵਿਹੜੇ ਪੱਕੇ ਹੋ ਜਾਂਦੇ
ਕੱਚੀਆਂ
ਇੱਟਾਂ ਦੇ ਦਸਤਿਆਂ ਚੋਂ
ਤੇ ਕੱਚਿਆਂ
ਭਾਂਡਿਆਂ ਦੀਆਂ ਕੋੜੀਆਂ
ਚੋਂ ਗੁਜ਼ਰਦਾ
ਤਾਂ ਉਹ ਪੱਕ ਜਾਂਦੇ

-0-

ਉਹ ਸਮੁੰਦਰ 'ਚ ਤੈਰਦਾ
ਸਮੁੰਦਰ ਭਾਫ਼ ਬਣ ਜਾਂਦਾ
ਸਹਿਰਾ ਤੇ ਵਰ੍ਹ ਜਾਂਦਾ
ਸਹਿਰਾ ਤੇ ਹਰਿਆਵਲ
ਧਰ ਜਾਂਦਾ

-0-

ਉਸ ਵਿਚਲੀ ਰੌਸ਼ਨੀ ਨੇ
ਉਸ ਵਿਚਲੇ
ਕਾਮ ਕ੍ਰੋਧ ਲੋਭ ਮੋਹ ਹੰਕਾਰ
ਨੂੰ ਮਿਟਾ ਦਿੱਤਾ
ਉਸਦੇ ਹਨ੍ਹੇਰੇ 'ਚ
ਉਸਦੇ ਸੱਚ ਦਾ ਦੀਵਾ
ਜਗਾ ਦਿੱਤਾ
ਉਸਦੀ ਤਲੀ ਤੇ
ਸੱਚ ਸੁੰਦਰਤਾ ਕਲਿਆਣ
ਧਰ ਦਿੱਤਾ
ਦਯਾ ਨੇਕੀ ਸਰਬੱਤ ਦੇ ਭਲੇ
ਦੀ
ਉਹ ਮੂਰਤ ਹੋ ਗਿਆ
ਸੂਰਜਾਂ ਦਾ ਤੇਜ਼
ਚਾਂਦਨੀ ਦਾ ਰੂਪ
ਚੰਦਰਮਾਂ ਦੀ ਉਹ ਸੂਰਤ ਹੋ ਗਿਆ

-----

## ਕਿਰਨਾਂ ਦਾ ਵਣਜਾਰਾ

ਉਸਦੇ ਪੈਰ
ਵੀਰਾਨੇ 'ਚ ਪੈਂਦੇ
ਤਾਂ ਰੌਣਕ ਹੋ ਜਾਂਦੀ
ਪਤਝੜ 'ਚ ਪੈਂਦੇ
ਤੇ ਬਹਾਰ ਆ ਜਾਂਦੀ
ਉਜਾੜਾਂ 'ਚ ਪੈਂਦੇ
ਤੇ ਗੁਲਜ਼ਾਰ ਆ ਜਾਂਦੀ

-0-

ਉਹ ਪੱਥਰਾਂ ਨੂੰ ਤੱਕਦਾ
ਪੱਥਰ ਫੁੱਲ ਹੋ ਜਾਂਦੇ
ਚੁੱਪ 'ਚ ਉਤਰਦਾ
ਚੁੱਪ ਬੋਲ ਹੋ ਜਾਂਦੀ
ਰੁੱਖਾਂ ਨੂੰ ਹੱਥ ਲਾਉਂਦੀ
ਰੁੱਖ ਤੁਰਨਾ ਸ਼ੁਰੂ ਕਰਦੇ
ਪਹਾੜਾਂ ਨੂੰ ਛੋਹਦਾ
ਪਹਾੜ ਪਿਘਲ ਜਾਂਦੇ
ਸਹਿਰਾ 'ਚ ਤੁਰਦਾ
ਸਹਿਰਾ ਚੋਂ ਸਾਗਰ ਉੱਗ
ਆਉਂਦੇ

-0-

ਉਹ ਜਿਸ ਸ਼ੈ ਤੇ
ਵੀ ਹੱਥ ਧਰਦਾ
ਉਸ 'ਚ ਜਾਨ ਪਾ ਦਿੰਦਾ
ਰਾਹਾਂ ਦੇ ਪੱਥਰਾਂ ਨੂੰ
ਭਗਵਾਨ ਬਣਾ ਦਿੰਦਾ

-0-

ਉਹ ਸਰਾਪ ਦੇ
ਸਿਰ ਤੇ ਹੱਥ ਧਰਦਾ
ਸਰਾਪ ਵਰ ਹੋ ਜਾਂਦਾ
ਥੇਹ ਘਰ ਹੋ ਜਾਂਦਾ
ਹਨ੍ਹੇਰੇ ਨੂੰ ਤੱਕਦਾ
ਉਸ ਚੋਂ ਸੂਰਜ ਉੱਗ
ਆਉਂਦੇ
ਜ਼ਰਦ ਚਿਹਰਿਆਂ ਨੂੰ
ਸੁਰਖ਼ ਕਰ ਦਿੰਦਾ
ਉਹ ਮਿੱਟੀ ਮੁੱਠ 'ਚ
ਫੜਦਾ
ਸੋਨਾ ਹੋ ਜਾਂਦੀ
ਹਸਤੀ ਜ਼ਰੇ ਦੀ ਪਹਾੜ
ਹੋ ਜਾਂਦੀ

-0-

ਉਸ ਨੂੰ
ਜੋ ਕੁੱਝ ਵੀ ਮਿਲਿਆ
ਉਸ ਆਪਣੇ 'ਚ ਸਮੋ
ਲਿਆ
ਦੂਜੇ ਦੇ ਗ਼ਮ ਦੀ ਖ਼ੁਸ਼ੀ
ਦੂਜੇ ਦੇ ਦੁੱਖ ਦਾ
ਉਹ ਸੁੱਖ ਹੋ ਗਿਆ

-0-

ਉਹ ਦੁਨੀਆਂ ਦੀ
ਚੁੱਪ ਇਕੱਲਤਾ ਤੇ ਉਦਾਸੀ
'ਚ
ਇਨਾਂ ਖੋਹ ਗਿਆ
ਕਿ ਆਪਾ ਭੁੱਲ ਗਿਆ
ਦੁਨੀਆਂ ਦੀ ਦੁਨੀਆਂ
ਹੋ ਗਿਆ

-0-

ਉਸ ਨੂੰ
ਦੁਨੀਆਂ 'ਚ ਜੋ ਮਿਲਿਆ
ਉਸ ਆਪਣੇ ਢਿੱਡ 'ਚ
ਪਾ ਲਿਆ
ਉਸਦੇ ਬਦਲੇ
ਦੁਨੀਆਂ ਨੂੰ

ਆਪਣੇ ਪਲਕੀਂ ਬਿਠਾ
ਲਿਆ
ਦਿਲ 'ਚ ਵਸਾ ਲਿਆ

-0-

ਉਹ
ਆਪਣੇ ਅੰਦਰ
ਦੁਨੀਆਂ ਦੇ ਗ਼ਮ ਦੁੱਖ
ਮੁਸੀਬਤਾਂ ਈਰਖ਼ਾ
ਨਫ਼ਰਤ ਦੁਸ਼ਮਣੀ ਵੈਰ
ਵਿਰੋਧ ਜਮ੍ਹਾਂ ਕਰਦਾ ਰਿਹਾ
ਇਸਦੇ ਬਦਲੇ
ਪਿਆਰ ਮੁਹੱਬਤ
ਸਾਂਝੀਵਾਲਤਾ ਦਯਾ
ਸਬਰ ਸੰਤੋਖ਼ ਤੇ ਸਰਬਤ
ਦਾ ਭਲਾ
ਦੁਨੀਆਂ ਦੀ ਤਲੀ ਤੇ
ਧਰਦਾ ਰਿਹਾ

-----

## ਬਾਰਸ਼ ਹੋਣ ਵਾਲੀ ਹੈ

ਪੌਣ ਸੜ ਸੜ
ਵਗ ਰਹੀ ਹੈ
ਜੰਗਲ ਚੁੱਪ ਹੈ
ਰੁੱਖ ਉਪਰਾਮ ਹਨ
ਪਸ਼ੂ ਪਕਸ਼ੀ ਬੇਅਰਾਮ
ਹਨ
ਸੂਰਜ ਸਾਗਰ ਪੀ
ਗਿਆ ਹੈ
ਆਲੇ ਵਿਚ ਗੁੱਡੀ ਗੁੱਡਾ
ਪਸੀਨੇ ਨਾਲ ਭਿੱਜ ਗਏ
ਹਨ
ਜੀਵ ਜੰਤੂ ਤੇ ਮਨੁੱਖ
ਗ਼ਮ ਦੇ ਵਿਚ ਰਿੱਝ ਗਏ
ਹਨ

-0-

ਹੁੰਮਸ 'ਚ
ਬੁਖ਼ਲਾਈ ਬਹਾਰ
ਗੁਲਸ਼ਨ ਦਾ ਰਾਹ ਭੁੱਲ
ਗਈ ਹੈ
ਨਦੀਆਂ ਨੂੰ ਹਿੱਚਕੀ ਲੱਗੀ
ਹੈ
ਦਰਿਆਵਾਂ ਦੇ ਬੁੱਲ੍ਹਾਂ ਤੇ

ਸਿੱਕਰੀ ਹੈ
ਸ਼ਹਿਰ 'ਚ
ਆਪਣੇ ਪ੍ਰਛਾਵੇਂ ਫੜਦੇ
ਲੋਕ
ਪਿਘਲ ਗਏ ਹਨ

-0-

ਕਿਸੇ ਬਜ਼ੁਰਗ ਦੀ
ਦੇਹ ਤੇ
ਪਿੰਡ ਦੀਆਂ ਤ੍ਰੀਮਤਾਂ
ਕਈ ਘੜੇ ਪਾਣੀ ਪਾਇਆ
ਹੈ
ਪਿੰਡ ਦੀ ਹਰ ਗਲੀ
ਹਰ ਕੂਚਾ ਤਰਿਹਾਇਆ ਹੈ

-0-

ਪੌਣਾਂ 'ਚ ਸਿੱਲ੍ਹ ਹੈ
ਖ਼ੁਸ਼ਬੂ ਨੇ
ਫੁੱਲਾਂ ਦੇ ਕੰਨਾਂ 'ਚ
ਕੁੱਝ ਕਿਹਾ ਹੈ
ਕਿ ਭੌਰਾ ਕਲੀ ਤੇ ਬਹਿਣ
ਵਾਲਾ ਹੈ
ਧਰਤੀ ਚੁੱਪ ਹੈ
ਅੰਬਰ ਖ਼ਾਮੋਸ਼ ਹੈ
ਪੱਥਰਾਂ ਦੇ ਦਿਲਾਂ ਚੋਂ

ਧੂੰਆਂ ਉੱਠ ਰਿਹਾ ਹੈ
ਫ਼ਿਜ਼ਾ
ਮਲਿਹਾਰ ਗਾਉਣ ਵਾਲੀ
ਹੈ
ਲੱਗਦਾ ਹੈ
ਕਿ ਬਾਰਸ਼ ਹੋਣ ਵਾਲੀ
ਹੈ
ਸੜਦਾ ਬਦਨ ਖਲਕਤ ਦਾ
ਭਿਗੋਣ ਵਾਲੀ ਹੈ

-0-

ਪੌਣ ਸੜ ਸੜ
ਵਗ ਰਹੀ ਹੈ
ਜੰਗਲ ਚੁੱਪ ਹੈ
ਪਸ਼ੂ ਪਕਸ਼ੀ ਬੇਅਰਾਮ
ਹਨ

-----

## ਅਤੁੱਲ

ਉਸਨੇ
ਬਿੰਦੂਆਂ 'ਚ ਸੁੰਗੜਨਾ
ਨਹੀਂ
ਦਰਿਆਵਾਂ 'ਚ ਫੈਲਣਾ ਹੈ
ਬੂੰਦ ਤੋਂ ਸਾਗਰ
ਜ਼ਰੇ ਤੋਂ ਸਹਿਰਾ ਹੋਣਾ ਹੈ
ਕਣ ਚੋਂ
ਪਹਾੜ ਸਿਰਜਣਾ ਹੈ
ਰੁੱਖ ਤੋਂ ਜੰਗਲ ਹੋਣਾ ਹੈ

-0-

ਉਸਨੇ
ਚੁੱਪ 'ਚ ਗੁੰਮਣਾ ਨਹੀਂ
ਪੱਥਰਾਂ ਦਾ ਸ਼ੋਰ ਹੋਣਾ ਹੈ
ਹਵਾ ਵਾਂਗ
ਜੰਗਲ 'ਚ ਸ਼ੂਕਣਾ ਹੈ
ਕਬਰਾਂ ਚੋਂ
ਜ਼ਿੰਦਗੀ ਨੂੰ ਪੁਕਾਰਨਾ ਹੈ
ਆਪਣੇ
ਏਕੇ 'ਚ ਸਿਫ਼ਰਿਆਂ ਦਾ
ਕਾਫ਼ਲਾ ਉਤਾਰਨਾ ਹੈ

ਤਾਂ ਕਿ ਉਹ ਜ਼ਰੇ ਜ਼ਰੇ ਚੋਂ
ਨਜ਼ਰ ਆ ਸਕੇ
ਸਰਬਵਿਆਪਕਤਾ ਦਾ
ਸੱਚ ਕਹਾ ਸਕੇ

-0-

ਉਸਨੇ
ਆਪਣੇ ਮਨੁੱਖ ਚੋਂ
ਮਨੁੱਖਤਾ ਜਨਮਣੀ ਹੈ
ਇਕੱਲ ਚੋਂ
ਭੀੜ ਉੱਗਾਉਣੀ ਹੈ
ਪੈਰਾਂ ਚੋਂ
ਰਾਹ ਜਨਮਣੇ ਹਨ
ਨਜ਼ਰਾਂ 'ਚ
ਦਿਸਹੱਦੇ ਸਿਰਜਣੇ
ਹਨ

-0-

ਨਵੀਂ
ਧਰਤੀ ਲਈ
ਹਾਣ ਦੀ ਮਿੱਟੀ ਗੋਈ ਹੈ
ਅੰਬਰ
ਉਧੇੜ ਕੇ ਬੁਣਨਾ ਹੈ
ਆਪਣੇ ਆਪ ਨੂੰ
ਮਾਰੀ ਆਵਾਜ਼ ਦਾ

ਇਕ ਬੋਲ ਸੁਣਨਾ ਹੈ
ਕਿਸੇ ਵੀ
ਮੰਜ਼ਿਲ ਤੇ ਰੁਕਣਾ ਨਹੀਂ
ਉਸਦੇ ਕਦਮਾਂ ਨੇ
ਤੁਰਨਾ ਹੀ ਤੁਰਨਾ ਹੈ

-0-

ਕਿ
ਉਸਦੀ ਬੁੱਕਲ 'ਚ
ਧਰਤੀਆਂ ਅਕਾਸ਼ ਪਤਾਲ
ਬ੍ਰਹਿਮੰਡ ਸਮਾ ਸਕਣ
ਸਭ ਦਿਸ਼ਾਵਾਂ
ਉਸਦੇ ਪੈਰਾਂ 'ਚ ਆ ਸਕਣ
ਤਾਂ ਕਿ
ਉਹ ਬੁਲੰਦ ਅਵਾਜ਼ 'ਚ
ਆਖ ਸਕੇ
ਕਿ ਉਹ ਆਪਣੇ ਆਪ 'ਚ
ਇਕ ਸੰਸਾਰ ਹੈ
ਬਿੰਦੂ ਨਹੀਂ
ਦਾਇਰਿਆਂ ਦੀ ਧਰਤ ਹੈ
ਅਤੁੱਲ ਪ੍ਰਵਾਜ਼ ਦਾ ਅਕਾਸ਼ ਹੈ

-----

## ਖੇਤਾਂ 'ਚ ਉੱਗੇ ਸਿਰ

ਉਹ
ਬੀਜ ਖੇਤਾਂ 'ਚ ਬੀਜ ਕੇ
ਪਿੰਡ ਪਰਤ ਗਿਆ
ਉਸਦੇ ਪਿੱਛੋਂ
ਬਰਸਾਤ ਹੋਈ
ਕੁੱਝ ਦਿਨਾਂ ਪਿਛੋਂ
ਉਹ ਖੇਤਾਂ 'ਚ ਪਰਤਿਆ
ਉਸਨੇ ਵੇਖਿਆ
ਖੇਤਾਂ 'ਚ
ਸਿਰਾਂ ਦੀ ਫ਼ਸਲ ਉੱਗੀ ਹੈ
ਜਿਸਦੇ ਹੱਥਾਂ 'ਚ
ਤਲਵਾਰਾਂ ਹਨ
ਮੋਢਿਆਂ ਤੇ ਢਾਲਾਂ ਹਨ
ਅੱਖ਼ਾਂ ਜਗਦੀਆਂ
ਮਿਸ਼ਾਲਾਂ ਹਨ

-0-

ਉਸ ਸੋਚਿਆ
ਉਸ ਜੋ ਬੀਜਿਆ ਸੀ
ਉਹ ਤਾਂ ਉੱਗਿਆ ਨਹੀਂ
ਜੋ ਨਹੀਂ ਸੀ ਬੀਜਿਆ

ਉਹ ਉੱਗ ਆਇਆ ਹੈ

-0-

ਸਿਰ ਬੋਲੇ
ਸਾਡੇ ਤੋਂ ਪਹਿਲਾਂ
ਖੇਤਾਂ 'ਚ ਪੱਕਦੀਆਂ ਫ਼ਸਲਾਂ
ਮੁਨਾਫ਼ਾਖੋਰ ਹੱਥ
ਕੱਟ ਲੈਂਦੇ ਸਨ
ਆਪਣਿਆਂ ਗੋਦਾਮਾਂ 'ਚ
ਕਰ ਬੰਦ
ਲੈਂਦੇ ਸਨ

-0-

ਪਹਿਲਾਂ
ਧਰਤ ਤੇ ਕਾਲ ਬੀਜਦੇ
ਸਨ
ਜਦ ਕਾਲ ਧਰਤੀ ਤੇ
ਉੱਗਦਾ
ਤੇ ਫੈਲ ਜਾਂਦਾ
ਫਿਰ ਸੋਨੇ ਦੇ ਭਾਅ
ਅਨਾਜ਼ ਦਾ
ਮੁੱਲ ਵੱਟਦੇ ਸਨ
ਜੋ ਅਨਾਜ਼ ਉੱਗਾਉਂਦਾ ਸੀ
ਉਸਦਾ
ਤੇ ਲੋੜਵੰਦਾਂ ਦਾ ਪੇਟ ਕੱਟਦੇ
ਸਨ

-0-

ਫ਼ਸਲ
ਹਰ ਸਾਲ ਉੱਗਦੀ
ਤੇ ਹਰ ਸਾਲ
ਮੁਨਾਫ਼ਾਖੋਰਾਂ ਦੇ ਹੱਥੋਂ ਕੱਟੀ
ਜਾਂਦੀ
ਉੱਗਾਉਣ ਵਾਲਾ ਤਾਂ
ਫ਼ਸਲ ਦੀ ਸੁਰੱਖਿਆ ਲਈ
ਅਸਮਰੱਥ ਸੀ

-0-

ਫ਼ਸਲ ਦੇ
ਦਾਣਿਆਂ ਸੋਚਿਆ
ਉਹ
ਆਪ ਆਪਣੀ ਸੁਰੱਖਿਆ
ਕਰਨਗੇ
ਮੁਨਾਫ਼ਾਖੋਰਾਂ ਦੀ ਥਾਂ
ਲੋੜਵੰਦਾਂ ਤੇ ਭੁੱਖੇ ਲੋਕਾਂ
ਦਾ ਪੇਟ ਭਰਨਗੇ

-0-

ਇਸ ਲਈ
ਅਸੀਂ ਦਾਣਿਆਂ ਦੀ ਥਾਂ
ਆਪਣੇ ਸਿੱਟਿਆਂ ਚੋਂ
ਸਿਰ ਉੱਗਾਏ ਹਨ
ਹੱਥੀਂ ਤਲਵਾਰਾਂ,ਫੜੀਆਂ ਹਨ

ਕਿ
ਇਸ ਤੋਂ ਪਹਿਲਾਂ
ਮੁਨਾਫ਼ਾਖੋਰਾਂ ਦੇ ਹੱਥ
ਸਾਨੂੰ ਕੱਟਣ
ਅਸੀਂ
ਉਨ੍ਹਾਂ ਦੇ ਹੱਥਾਂ ਨੂੰ ਹੀ
ਕੱਟ ਦੇਣਾ ਹੈ
ਜੋ ਸਾਨੂੰ
ਗੁਦਾਮਾਂ ਦੀ ਚਾਰਦੀਵਾਰੀ
'ਚ ਨਜ਼ਰ ਬੰਦ ਕਰਦੇ ਹਨ
ਲੋਕਾਂ 'ਚ
ਭੁੱਖ ਵਰਤਾਉਂਦੇ ਹਨ
ਆਪਣੀਆਂ
ਤਿਜ਼ੌਰੀਆਂ ਭਰਦੇ ਹਨ

-0-

ਅਸੀਂ
ਸੁਣਿਆ ਸੀ
ਪਰਮਾਤਮਾਂ
ਉਨ੍ਹਾਂ ਦੀ ਮਦਦ
ਕਰਦਾ ਹੈ
ਜੋ ਆਪਣੀ ਮਦਦ
ਆਪ ਕਰਦੇ ਹਨ.

-----

## ਫੌਲਾਦੀ ਸ਼ਬਦ

ਉਸਦਾ ਹਰ ਸ਼ਬਦ
ਫੌਲਾਦ ਸੀ
ਹਰ ਬੋਲ ਤਲਵਾਰ ਸੀ
ਜਦ
ਉਹ ਲੋਕਾਂ ਨੂੰ ਸੰਬੋਧਨ ਹੁੰਦਾ
ਆਪਣੇ ਬੋਲਾਂ ਨੂੰ
ਉਬਾਲਦਾ
ਤੱਤੀਆਂ ਤਵੀਆਂ ਤੇ ਧਰਦਾ
ਸੜਦੀ ਰੇਤ 'ਚ ਰਿਨਦਾ
ਤਾਂ ਕਿ
ਉਸਦੇ ਬੋਲ
ਪਹਾੜ ਦਾ ਜਿਗਰਾ
ਸਮੁੰਦਰ ਜਿਹੀ ਵਿਸ਼ਾਲਤਾ
ਤੇ ਜੰਗਲ ਜਿਹਾ ਪ੍ਰਭਾਵ
ਲੋਕ ਮਨਾਂ ਤੇ ਉਤਾਰ
ਸਕਣ
ਉਸਦੇ ਬੋਲ
ਸੂਰਮੇ ਯੋਧੇ ਤੇ ਤੰਦਰੁਸਤ
ਦੇਸ਼ਭਗਤ ਕਹਾਵਣ
ਜਿਨ੍ਹਾਂ ਨੂੰ ਵੇਖ ਕੇ

ਫਾਂਸੀ ਦੇ ਰੱਸੇ ਵੀ ਕੰਬ ਜਾਵਣ
ਦੁਸ਼ਮਣਾਂ ਦੇ ਪਿੰਡੇ
ਠਰ ਜਾਵਣ

-0-

ਉਹ ਖੇਤਾਂ 'ਚ ਉੱਗਿਆ ਸੀ
ਖੁੱਲ੍ਹੀ ਹਵਾ ਤੇ
ਬੱਦਲਾਂ ਦੀ ਛਾਂ 'ਚ
ਪਲਿਆ ਸੀ
ਉਸਨੂੰ ਮਜ਼ਦੂਰ ਕ੍ਰਿਸਾਨਾਂ
ਦੇ ਮੁੜ੍ਹਕੇ ਦੀ ਗੁੜ੍ਹਤੀ ਸੀ
ਉਸ 'ਚ ਸ਼ੇਰ ਦਾ ਹੌਸਲਾ
ਤੇ ਚੀਤੇ ਵਾਲੀ ਫੁਰਤੀ ਸੀ

-0-

ਉਹ
ਜਦ ਪਿੰਡੋਂ
ਸ਼ਹਿਰ ਆਇਆ
ਆਪਣੀ ਦ੍ਰਿੜ੍ਹਤਾ
ਵਿਸ਼ਵਾਸ ਤੇ ਤੰਦਰੁਸਤੀ
ਆਪਣੇ
ਨਾਲ ਲਿਆਇਆ

-0-

ਉਸ 'ਚ ਹੌਸਲਾ ਸੀ

ਹੋਸ਼ ਸੀ ਜੋਸ਼ ਸੀ
ਉਸਦੀ ਖ਼ਾਮੋਸ਼ੀ 'ਚ
ਤੂਫ਼ਾਨ ਸੀ ਸ਼ੋਰ ਸੀ
ਉਹ ਸੱਚੀ ਸੁੰਦਰਤਾ ਕਲਿਆਣ
ਦੀ ਮੂਰਤ
ਤੇ ਪਿੰਡ ਦੇ ਬਾਗਾਂ ਦਾ ਮੋਰ ਸੀ

-0-

ਉਸਨੇ
ਸ਼ਹਿਰ ਦੇ ਬੀਮਾਰ ਕਮਰਿਆਂ 'ਚ
ਵਸਦੇ ਬੀਮਾਰ ਸ਼ਬਦ
ਬੇਰੁਜ਼ਗਾਰੀ ਦੇ ਮਾਰੇ
ਭੁੱਖੇ ਸ਼ਬਦ
ਭ੍ਰਿਸ਼ਟਾਚਾਰ ਦੇ ਕੁਚਲੇ
ਜ਼ਰਦ ਸ਼ਬਦ
ਜ਼ਿੰਦਗੀ 'ਚ ਪਿੱਛੇ ਰਹਿ ਗਏ
ਫਾਡੀ ਸ਼ਬਦ
ਜ਼ੁਲਮ ਨਫ਼ਰਤ ਜ਼ਾਤ ਪਾਤ
ਤੇ ਗਰੀਬੀ ਦੇ ਲਿਤਾੜੇ
ਸ਼ਬਦ
ਆਪਣੇ ਬੋਲਾਂ ਦੀ
ਡੋਰੀ 'ਚ ਪਰੋ ਦਿੱਤੇ

ਇਕਾਈ ਦੇ ਬੀਜ
ਉਨ੍ਹਾਂ ਦੇ ਅਰਥਾਂ 'ਚ
ਬੋਅ ਦਿੱਤੇ
ਉਨ੍ਹਾਂ ਦੇ ਮੈਲੇ ਕੁਚੈਲੇ ਨੈਣ
ਨਕਸ਼ ਅੰਗ ਤੇ ਚਿਹਰੇ
ਚਾਨਣ ਸੰਗ ਧੋ ਦਿੱਤੇ

-0-

ਉਹ ਇਕ ਅਵਾਜ਼ ਤੋਂ
ਸੜਕਾਂ ਤੇ ਉਤਰ ਆਏ
ਉਹ ਬੰਨ੍ਹ ਕੇ ਕਫ਼ਨ ਸਿਰਾਂ ਤੇ
ਮੈਦਾਨੇ ਜੰਗ 'ਚ
ਉਤਰ ਆਏ
ਉਨ੍ਹਾਂ ਪ੍ਰਸ਼ਾਸਨ ਦੀ
ਇੱਟ ਨਾਲ ਇੱਟ ਖੜਕਾ
ਦਿੱਤੀ
ਜੋ ਬਾਤ
ਉਹ ਕਹਿਣੋਂ ਡਰਦੇ ਸਨ
ਉਸ ਬਾਤ ਦੇ ਗਲ
ਫਾਸੀ ਪਾ ਦਿੱਤੀ
ਵਿਜੈ ਦਾ ਪ੍ਰਚਮ
ਉਨ੍ਹਾਂ ਲਹਿਰਾ ਦਿੱਤਾ

ਨਿਕਾਬ ਝੂਠ ਦੇ ਚਿਹਰੇ
ਤੋਂ ਉਠਾ ਦਿੱਤਾ
ਆਪਣੇ ਹਾਕਮ ਨੂੰ
ਸ਼ਬਦਾਂ ਦਾ ਬੰਦੀ ਬਣਾ
ਦਿੱਤਾ

-0-

ਜਿਸਦਾ
ਹਰ ਸ਼ਬਦ ਫ਼ੌਲਾਦ ਸੀ
ਹਰ ਬੋਲ ਤਲਵਾਰ ਸੀ
ਉਸ ਖੇਤਾਂ ਦੇ ਜਾਏ ਨੂੰ
ਤਖ਼ਤ ਤੇ ਬਿਠਾ ਦਿੱਤਾ
ਸੁੱਖ ਦੀ ਹਵਾ ਚਲੀ
ਗ਼ਮਾਂ ਦਾ ਬੱਦਲ
ਪਰਜਾ ਦੇ ਸਿਰ ਤੋਂ
ਹਟਾ ਦਿੱਤਾ

-----

## ਇਕੋ ਰਾਹ

ਉਸਦੇ ਅੰਦਰੋਂ
ਨਿਕਲਣ ਦੇ ਵੱਖ ਵੱਖ
ਰਾਹ ਸਨ
ਬਾਹਰੋਂ ਅੰਦਰ ਪਰਤਣ
ਦਾ ਇਕੋ ਇਕ ਰਾਹ ਸੀ
ਜੋ ਉਸਦੇ ਸੱਚ ਤਕ ਜਾਂਦਾ ਸੀ
ਜਿੱਥੇ ਉਹ ਆਪਣੇ ਸੱਚ ਦਾ
ਪ੍ਰਕਾਸ਼ ਪਾਉਂਦਾ ਸੀ

-0-

ਉਹ
ਆਪਣੇ ਅੰਦਰੋਂ ਵੱਖ ਵੱਖ
ਰਾਹਾਂ ਤੇ ਨਿਕਲਿਆ
ਉਸਦਾ ਵਜ਼ੂਦ
ਰਾਹਾਂ 'ਚ ਪਾਟ ਗਿਆ
ਰਾਹ ਪਾਏ ਵਜ਼ੂਦ ਸੰਗ
ਜਦ
ਆਪਣੇ ਅੰਤ ਤੇ ਅੱਪੜੇ
ਤਾਂ
ਉਸਦੇ ਅੰਗ ਨਕਸ਼ ਸਿਰ ਧੜ
ਲੱਤਾਂ ਬਾਹਾਂ
ਸਭ ਖਿੱਲਰੀਆਂ ਪਈਆਂ ਸਨ

ਉਸਦਾ ਸਾਲਮ ਵਜੂਦ
ਰਾਹਾਂ ਦੀ ਵਿਲੱਖਣਤਾ ਨੇ
ਖਾ ਲਿਆ ਸੀ
ਉਸ ਆਪਣੇ ਵਜੂਦ ਦਾ
ਸੱਚ ਗੁਆ ਲਿਆ ਸੀ

-0-

ਜਦ
ਆਪਣੇ ਅੰਤ ਤੋਂ
ਇਕ ਵੱਖ ਵੱਖ ਰਾਹ
ਆਪਣੇ ਆਦਿ ਵੱਲ ਪਰਤੇ
ਤਾਂ ਵੱਖ ਵੱਖ ਰਾਹ
ਇਕ ਹੋ ਕੇ
ਅੰਦਰ ਵੱਲ ਜਾਂਦੇ ਰਾਹ
'ਚ ਪ੍ਰਵੇਸ਼ੇ

-0-

ਤਾਂ
ਉਸਨੇ ਵੇਖਿਆ
ਉਸਦਾ ਸਾਲਮ ਵਜੂਦ
ਆਪਣਾ ਸੱਚ ਹੰਢਾ
ਰਿਹਾ ਸੀ
ਉਸਨੂੰ ਸਮਝਾ ਰਿਹਾ ਸੀ
ਉਸਦਾ ਸੱਚ

ਉਸਦੇ ਅੰਦਰ ਹੈ
ਉਹ ਸੱਚ ਇਕੋ ਹੈ
ਉਸਦਾ ਰਾਹ ਇਕੋ ਹੈ
ਉਸਦਾ ਅੰਦਰ ਹੀ
ਉਸਦੇ ਸੱਚ ਦਾ ਮੰਦਰ ਹੈ

-0-

ਆਪਣੇ ਸੱਚ ਦੀ
ਤਲਾਸ਼ 'ਚ
ਅੰਦਰੋਂ ਬਾਹਰ ਨਿਕਲਦੇ
ਰਾਹ
ਉਸਦੇ ਸੱਚ ਨੇ
ਨਹੀਂ ਬਣਾਏ
ਮਨੁੱਖ ਨੇ ਬਣਾਏ ਹਨ

-0-

ਇਹ ਰਾਹ
ਤਕਸੀਮੇਂ ਮਨੁੱਖ ਦਾ ਸੱਚ
ਇਜ਼ਹਾਰ ਕਰਦੇ ਹਨ
ਇਨ੍ਹਾਂ ਰਾਹਾਂ ਦੇ
ਵੱਖਰੇ ਵੱਖਰੇ ਦੁਆਰ ਹਨ
ਇਨ੍ਹਾਂ ਦਾ
ਵੱਖਰੇ ਵੱਖਰੇ ਸੱਚ

ਇਨ੍ਹਾਂ ਦੇ ਵਿਚਕਾਰ ਹਨ
ਇਸ ਲਈ
ਇਹ ਰਾਹ ਅੰਦਰੋਂ ਬਾਹਰ
ਵੱਲ ਆਉਂਦੇ ਹਨ
ਇਨ੍ਹਾਂ ਤੇ ਚਲਦੇ ਮੁਸਾਫ਼ਰ
ਆਪਣਾ ਸੱਚ
ਅੰਦਰ ਭੁੱਲ ਜਾਂਦੇ ਹਨ
ਬਾਹਰ
ਤਕਸੀਮੇ ਸੱਚ ਦਾ
ਮਨੁੱਖ ਅਨੁਸਾਰ ਸਿਰਜਿਆ
ਰੂਪ ਪਾਉਂਦੇ ਹਨ
ਜੋ ਅਸਲ ਦਾ ਭਰਮ ਹੈ
ਭਰਮ ਦਾ ਕਰਮ ਹੈ

-----

## ਸੁਫ਼ਨ ਘਰ

ਉਹ
ਸਾਰੀ ਉਮਰ
ਜੰਗਲ 'ਚ ਲੱਕੜਾਂ ਕੱਟਦਾ
ਰਿਹਾ
ਭੇਡਾਂ ਬੱਕਰੀਆਂ ਦਾ ਦੁੱਧ
ਵੇਚਦਾ ਰਿਹਾ
ਤੇ ਕਿਰਾਏ ਦੇ ਘਰ 'ਚ
ਆਪਣਾ ਜੀਵਨ
ਬਿਤਾਉਂਦਾ ਰਿਹਾ

-0-

ਉਹ
ਸ਼ੁਰੂ ਤੋਂ ਚਾਹੁੰਦਾ ਸੀ
ਉਸਦਾ ਆਪਣਾ ਘਰ ਹੋਵੇ
ਪਿਆਰੀ ਜਿਹੀ
ਇਕ ਸਾਥਣ ਹੋਵੇ ਬਾਲ ਹੋਣ
ਉਸ ਦਾ ਆਪਣਾ
ਇਕ ਪਰਿਵਾਰ ਹੋਵੇ
ਇਕ
ਆਪਣਾ ਘਰ ਸੰਸਾਰ ਹੋਵੇ

-0-

ਉਸਦੇ ਨਾ ਕੋਈ ਅੱਗੇ ਸੀ
ਨਾ ਕੋਈ ਪਿੱਛੇ ਸੀ
ਇਸ ਲਈ
ਉਹ ਪਰਿਵਾਰ ਤੋਂ
ਸਾਰੀ ਉਮਰ ਮਹਿਰੂਮ
ਰਿਹਾ

-0-

ਪਰ ਘਰ ਦਾ ਸੁਫ਼ਨਾ
ਉਹ ਲੈਂਦਾ ਰਿਹਾ
ਇਸ ਸੁਫ਼ਨੇ ਦੇ ਸੱਚ
ਲਈ
ਉਹ ਪੋਟਾ ਪੋਟਾ ਮਰਦਾ
ਰਿਹਾ
ਪੋਟਾ ਪੋਟਾ ਜਿਉਂਦਾ ਰਿਹਾ

-0-

ਉਸ ਨੇ
ਆਪਣੀ ਉਮਰ ਦੇ ਅੰਤਲੇ
ਵਰ੍ਹਿਆਂ 'ਚ
ਘਰ ਦਾ ਸੁਫ਼ਨਾ ਸਾਕਾਰ
ਕਰ ਲਿਆ
ਅਜੇ ਘਰ ਬਣਿਆ ਹੀ ਸੀ
ਕਿ ਉਸਨੂੰ ਬੁਲਾਵਾ ਆ ਗਿਆ

ਉਹ ਸਾਹਾਂ ਦੀ ਗੁੱਥਲੀ
ਦੇ ਸਾਰੇ ਸਾਹ ਮੁੱਕਾ ਗਿਆ

-0-

ਹੁਣ ਆਉਂਦਾ ਜਾਂਦਾ
ਉਸਦੇ ਦਰ ਤੇ ਖੜ੍ਹ ਕੇ
ਜਦ
ਉਸਨੂੰ ਆਵਾਜ਼ ਮਾਰਦਾ ਹੈ
ਤਾਂ ਮਕਾਨ ਆਖ਼ਦਾ ਹੈ
ਉਹ ਘਰ ਨਹੀਂ
ਮਕਾਨ ਹੈ
ਘਰ
ਘਰ ਵਾਲਾ ਨਾਲ ਲੈ ਕੇ
ਤੁਰ ਗਿਆ ਹੈ
ਆਇਆ ਸੀ ਜਿੱਧਰੋਂ
ਉਧਰ ਮੁੜ ਗਿਆ ਹੈ
ਉਹ ਆਪਣੇ ਰਾਹੇ
ਪੈ ਗਿਆ ਹੈ
ਮਕਾਨ ਪਿੱਛੇ ਰਹਿ ਗਿਆ ਹੈ

-----

# ਮੁਰਦੇ ਦੀ ਹਰਕਤ

ਉਹ
ਕੀ ਗਈ
ਕਿ ਉਸਦੇ ਜਾਣ ਪਿੱਛੋਂ
ਉਸਦੇ ਮਨ 'ਚ ਹਨ੍ਹੇਰਾ
ਹੋ ਗਿਆ
ਜਿਉਂ ਰਾਤ ਦੇ ਮੱਥੇ ਚੋਂ ਚੰਨ
ਦਿਨ ਦੇ ਵਜ਼ੂਦ ਚੋਂ
ਸੂਰਜ ਅਲੋਪ ਹੋ ਗਿਆ

-0-

ਉਹ
ਹਨ੍ਹੇਰੀ ਕੋਠੜੀ 'ਚ ਬੈਠਾ
ਹਨ੍ਹੇਰੀਆਂ ਕੰਧਾਂ ਹਨ੍ਹੇਰੇ ਵਿਹੜੇ
ਛੱਤ ਤੇ ਬੂਹੇ ਬਾਰੀਆਂ
ਵੱਲ ਝਾਕਦਾ ਰਹਿੰਦਾ
ਉਸਦੇ ਅੰਦਰ ਹਨ੍ਹੇਰਾ ਸੀ
ਹਨ੍ਹੇਰਾ ਹੀ
ਉਸਦਾ ਚਾਰ ਚੁਫੇਰਾ ਸੀ

-0-

ਇਕ ਦਿਨ ਦਰਵਾਜ਼ੇ
ਦੀ ਡ਼ੀਤ ਚੋਂ
ਸੂਰਜ ਦੀ
ਇਕ ਕਿਰਨ ਨੇ ਝਾਕਿਆ

ਉਸਨੂੰ ਲੱਗਿਆ
ਦਿਨ ਦਾ ਸੂਰਜ
ਰਾਤ ਦਾ ਚੰਦਰਮਾ
ਪਰਤ ਆਇਆ ਹੈ

-0-

ਹੁਣ
ਉਸਦੇ ਹਨ੍ਹੇਰੇ 'ਚ ਠਰੇ ਅੰਗ
ਗਰਮਾਉਣਗੇ
ਉਸਦੇ ਘਰ ਦਾ ਚੁੱਲ੍ਹਾ
ਮੱਘੇਗਾ
ਘੜਾ ਪਾਣੀ ਦੀ ਖੂਹੀ ਵੱਲ
ਤੁਰੇਗਾ
ਤੇ ਘਰ ਦੇ ਬਰਤਨ ਖੜਕਣਗੇ
ਘਰ ਦੀ ਰੌਣਕ
ਜੋ ਉਸਨੂੰ ਛੱਡ ਗਈ ਸੀ
ਉਹ ਵੀ ਪਰਤ ਆਵੇਗੀ
ਘਰ ਘਰ ਕਹਾਵੇਗਾ
ਉਹ ਫਿਰ
ਜਿਉਂਦੀ ਜਾਗਦੀ ਜ਼ਿੰਦਗੀ
ਆਪਣੇ ਪਿੰਡੇ 'ਚ ਹੰਢਾਵੇਗਾ

-0-

ਉਸਦਾ ਬੂਹਾ ਖੜਕਿਆ

ਉਸਨੇ ਬੂਹਾ ਖੋਲ੍ਹਿਆ
ਬਾਹਰ ਰੌਣਕ ਖੜ੍ਹੀ ਸੀ
ਉਸਦੇ ਮੁੜਣ ਤੇ
ਉਸਦਾ ਚਿਹਰਾ ਜਗ ਪਿਆ
ਘਰ ਦਾ ਚੁੱਲ੍ਹਾ ਮੱਘ ਪਿਆ
ਘਰ ਜਗਮਗ
ਜਗਮਗ ਕਰ ਪਿਆ
ਹੁਣ ਚੌਂਕੇ 'ਚ ਚੌਂਕੇ ਦੀ
ਸੋਭਾ ਬਰਾਜ਼ਮਾਨ ਸੀ
ਉਸਦੀ ਨਜ਼ਰ 'ਚ
ਹਰੀ ਧਰਤੀ ਨੀਲਾ
ਅਸਮਾਨ ਸੀ
ਦੂਰ ਕਿਸੇ
ਉੱਚੀ ਹੇਕ 'ਚ ਗਾਇਆ ਹੈ
ਕਿ ਕਾਫ਼ਲਾ ਚੰਨਾਂ ਸੂਰਜਾਂ
ਤਾਰਿਆਂ ਦਾ
ਧਰਤ ਦੇਂ ਵਿਹੜੇ ਉਤਰ
ਆਇਆ ਹੈ
ਇਹ ਇਕ ਮੁਰਦੇ ਦੀ
ਹਰਕਤ ਸੀ
ਕਬਰਾਂ ਦੇ ਵਿਹੜੇ
ਜ਼ਿੰਦਗੀ ਦੀ ਬਰਕਤ ਸੀ

-----

## ਜੰਗਲੀ ਸ਼ਹਿਰ

ਉਸਨੇ ਵੇਖਿਆ
ਸ਼ਾਮ ਢਲੀ ਹੈ
ਸ਼ਹਿਰ 'ਚ
ਜੰਗਲੀ ਜਾਨਵਰਾਂ ਦਾ
ਇਥ ਕਾਫ਼ਲਾ ਉਤਰ
ਆਇਆ ਹੈ

-0-

ਉਸਨੇ
ਸ਼ਹਿਰ ਦੇ ਲੋਕਾਂ ਦੇ ਘਰ
ਜਲਾਏ ਹਨ
ਧੀਆਂ ਭੈਣਾਂ ਦੀ ਪਤ ਲੁੱਟੀ
ਹੈ
ਤੇ ਕਈ ਜਵਾਂਨ ਮਰਦਾਂ ਨੂੰ
ਦੋਫਾੜ ਕੀਤਾ ਹੈ
ਮਾਵਾਂ ਦੀ ਗੋਦੀ 'ਚ
ਦੁੱਧ ਚੁੰਘਦੇ ਬੱਚੇ
ਵਿਹੜੇ 'ਚ
ਗੁੱਡੀਆਂ ਪਟੋਲੇ ਖੇਡਦੀਆਂ
ਬਾਲੜੀਆਂ ਦਾ
ਕਤਲ ਕੀਤਾ ਹੈਂ

-0-

ਦਿਨ ਚੜ੍ਹਿਆਂ ਹੈ
ਜੰਗਲੀ ਜਾਨਵਰ.
ਜੰਗਲ ਵੱਲ ਪਰਤ ਗਏ ਹਨ
ਸ਼ਹਿਰ ਦੀਆਂ
ਸੜਕਾਂ ਗਲੀਆਂ ਬਜ਼ਾਰਾਂ
ਚੌਕਾਂ ਚੋਰਾਹਿਆਂ 'ਚ
ਸ਼ਹਿਰ ਦੇ
ਅੰਗ ਨਕਸ਼ ਤੇ ਚਿਹਰੇ
ਖਿਲਰੇ ਪਏ ਹਨ
ਕੰਧਾਂ ਤੇਂ ਲਹੂ ਦੇ ਛਿੱਟੇ
ਸ਼ਹਿਰ ਦੀਆਂ ਤਲੀਆਂ ਦੇ
ਪੈਰਾਂ ਦੇ ਨਿਸ਼ਾਨ
ਸ਼ਹਿਰ ਦਾ
ਵਲੂੰਦਰਿਆ ਚਿਹਰਾ
ਦਸ ਰਿਹਾ ਹੈ
ਜੰਗਲ 'ਚ
ਸ਼ਹਿਰ ਤਾਂ ਉੱਗ ਆਇਆ ਹੈ
ਪਰ ਮਾਨਵ
ਅਜੇ ਮਾਨਵ ਨਹੀਂ ਬਣਿਆ
ਮਾਨਵ ਤੋਂ
ਅਜੇ ਜੰਗਲੀ ਜਾਨਵਰ
ਨਹੀਂ ਮਰਿਆ

-0-

ਇਹ ਜੰਗਲ ਤੇ
ਜੰਗਲੀ ਜਾਨਵਰਾਂ ਦਾ ਸੱਚ
ਇਸ ਸ਼ਹਿਰ ਦੇ
ਸੱਚ 'ਚ ਹੀ ਸਮਾਇਆ ਹੈ
ਜੋ ਸ਼ਹਿਰ ਚੋਂ ਜੰਗਲ
ਮਨੁੱਖ ਚੋਂ
ਜੰਗਲੀ ਜਾਨਵਰ ਬਣ ਕੇ
ਉੱਗ ਆਇਆ ਹੈ

-0-

ਮਨੁੱਖ
ਜਦ ਤਕ ਅੰਦਰਲਾ ਜਾਨਵਰ
ਮਾਰ ਨਹੀਂ ਦਿੰਦਾ
ਸ਼ਹਿਰ ਜਦ ਤਕ
ਜੰਗਲੀਪਣ ਨੂੰ ਵਿਸਾਰ ਨਈਂ
ਦਿੰਦਾ
ਤਦ ਤਕ ਸ਼ਹਿਰ
ਸਭਿਅੱਕ ਸ਼ਹਿਰ ਦਾ ਰੁੱਤਬਾ
ਪਾ ਨਹੀਂ ਸਕਦਾ
ਮਨੁੱਖ ਮਨੁੱਖ ਅਖਵਾ ਨਹੀਂ
ਸਕਦਾਂ

-----

## ਵਿਸਾਖੀਆਂ

ਉਸਦੀ ਨਜ਼ਰ ਚੋਂ
ਲੋਕਾਂ ਦੀ ਭੀੜ੍ ਗੁਜ਼ਰੀ
ਜਿਸ ਵਿਚ
ਨੰਨ੍ਹੇ ਨੰਨ੍ਹੇ ਪੈਰ ਜਵਾਨ ਪੈਰ
ਮਰਦਾਨਾ ਤੇ ਜ਼ਨਾਨਾ ਪੈਰ
ਤੇ ਬਿਰਧ ਪੈਰ
ਤੁਰ ਰਹੇ ਸਨ
ਜਿਨ੍ਹਾਂ ਦੇ ਹੱਥਾਂ 'ਚ
ਕੁੱਝ ਪ੍ਰਚਮ ਸਨ
ਜੁਬਾਨ ਤੇ ਕੁੱਝ ਬੋਲ ਸਨ
ਪਹਾੜਾਂ ਜਿਹੇ ਹੌਸਲੇ
ਜਿਨ੍ਹਾਂ ਦੇ ਕੋਲ ਸਨ

−0−

ਉਸਦੇ ਸਿਰ ਤੋਂ
ਪੰਛੀਆਂ ਦੀ ਡਾਰ ਗੁਜ਼ਰੀ
ਜਿਸਦਾ
ਚੀਕ ਚਿਹਾੜਾ
ਇਹ ਕਹਿ ਰਿਹਾ ਸੀ
ਕਿ ਉਨ੍ਹਾਂ ਦੇ ਆਲ੍ਹਣੇ ਉੱਡੀਕ
ਰਹੇ ਹਨ
ਉਨ੍ਹਾਂ ਦੇ ਸਿਰ ਤੇ ਹਨ੍ਹੇਰਾ ਪੈ ਰਿਹਾ ਸੀ

−0−

ਉਸਦੇ ਦਰ ਅੱਗਿਓਂ
ਸੜਕਾਂ ਲੰਘੀਆਂ
ਬਜ਼ਾਰ ਲੰਘੇ
ਚੌਂਕ ਚੌਰਾਹੇ ਤੇ ਗਲੀਆਂ
ਲੰਘੀਆਂ
ਜਿਨ੍ਹਾਂ ਦੀ ਉੱਡੀਕ 'ਚ
ਮੁਸਾਫ਼ਰ ਕਾਰਾਂ ਮੋਟਰਾਂ
ਸਕੂਟਰਾਂ ਸਾਇਕਲਾਂ ਤੇ
ਰਿਕਸ਼ੇ ਟਾਂਗੇ ਖੜ੍ਹੇ ਸਨ

-0-

ਉਸਦੇ ਅੱਗਿਓਂ
ਮੰਦਰ ਵਿਸ਼ਵ ਵਿਦਿਆਲੇ
ਪਾਠਸ਼ਾਲਾ
ਰਾਹ ਤੇ ਮੰਜ਼ਿਲਾਂ ਗੁਜ਼ਰੀਆਂ
ਜਿਨ੍ਹਾਂ ਨੂੰ ਪੁਜਾਰੀ
ਵਿਦਿਆਰਥੀ, ਨਿੱਕੇ ਬੱਚੇ
ਪੈਰ ਤੇ ਨਜ਼ਰਾਂ
ਉੱਡੀਕ ਰਹੀਆਂ ਸਨ

-0-

ਉਸਨੇ ਵੇਖਿਆ
ਹਰ ਚੀਜ਼
ਆਪਣੇ ਆਪਣੇ ਪ੍ਰਯੋਜਨ ਪਿੱਛੇ
ਨੱਸ ਰਹੀ ਹੈ

ਹਵਾ ਵਗ ਰਹੀ ਹੈ
ਜਲ ਵਹਿ ਰਿਹਾ ਹੈ
ਅੱਗਣ ਬਲ ਰਹੀ ਹੈ
ਧਰਤੀ ਘੁੰਮ ਰਹੀ ਹੈ
ਅਕਾਸ਼ ਗਤੀਸ਼ੀਲ ਹੈ

-0-

ਉਸਨੇ
ਆਪਣੀਆਂ ਵਿਸਾਖੀਆਂ
ਚੌਬਾਰੇ ਤੋਂ ਥੱਲੇ ਸੁੱਟੀਆਂ
ਪੌੜੀਆਂ ਉਤਰਿਆ
ਤੇ ਇਨ੍ਹਾਂ ਸਭਨਾਂ ਦੇ ਪਿੱਛੇ
ਭੱਜ ਤੁਰਿਆ
ਜੋ ਜਨਮ ਤੋਂ
ਲੱਤਾਂ ਦੀ ਗਤੀ ਦਾ ਮਾਰਿਆ
ਸੀ
ਜਿਸਨੇ
ਅਗਤੀ ਦੀ ਆਗੋਸ਼ 'ਚ
ਆਪਣਾ ਜੀਵਨ ਗੁਜ਼ਾਰਿਆ ਸੀ

-----

## ਇਨਸਾਨ

ਉਸਨੇ
ਦਰਪਣ ਚੋਂ ਆਪਣਾ
ਪਹਿਲਾ ਰੂਪ ਵੇਖਿਆ
ਕਿ ਉਹ ਪੌਣਾਂ ਤੇ ਸਵਾਰ ਹੈ
ਉਸਦੀ
ਇਕ ਮੁੱਠ 'ਚ ਧਰਤ ਹੈ
ਇਕ ਮੁੱਠ 'ਚ ਅਕਾਸ਼ ਹੈ
ਸੂਰਜ
ਉਸ ਮੂੰਹ ਪਾਇਆ ਹੈ
ਕਾਲ ਨੂੰ ਪਾਵੇ ਨਾਲ
ਬੰਨ੍ਹ ਬਿਠਾਇਆ ਹੈ
ਉਹ ਹਸਤੀਆਂ ਦੀ
ਹਸਤੀ ਹੈ
ਉਸਦਾ ਬੋਲ ਹੀ ਕਾਨੂੰਨ ਹੈ
ਦੁਨੀਆਂ
ਉਸਦੇ ਬੋਝੇ 'ਚ ਹੈ
ਦੁਨੀਆਂ ਦਾ
ਉਹ ਜ਼ਾਨੂੰਨ ਹੈ

-0-

ਉਸਨੇ
ਆਪਣਾ ਦੂਸਰਾ ਰੂਪ
ਵੇਖਿਆ
ਸੈਨਾ ਦਾ ਸਾਗਰ ਹੈ
ਹਾਥੀ ਘੋੜੇ ਢਾਲਾਂ ਤਲਵਾਰਾਂ
ਮਿਜ਼ਾਇਲਾਂ ਰਾਕਟਾਂ ਜਹਾਜ਼ਾਂ
ਬੰਬਾਂ ਦਾ ਭੰਡਾਰ ਹੈ
ਬਰੂਦ ਦਾ ਸਿਰਜਕ ਹੈ
ਬਰੂਦ ਦਾ ਕਾਰੋਬਾਰ ਹੈ
ਜੰਗਾਂ ਦਾ ਵਿਓਪਾਰੀ ਹੈ
ਦੁਨੀਆਂ ਦੇ
ਹਰ ਖਿੱਤੇ 'ਚ
ਉਸਦੀ ਸਰਦਾਰੀ ਹੈ

-0-

ਉਸਨੇ
ਆਪਣਾ ਤੀਸਰਾ ਰੂਪ ਵੇਖਿਆ
ਸੋਨੇ ਚਾਂਦੀ ਦੀਆਂ ਖਾਣਾਂ ਦਾ
ਮਾਲਕ ਹੈ
ਸਮੁੰਦਰੀ ਖਜ਼ਾਨਾ
ਉਸਦੇ ਕੋਲ ਹੈ
ਤਾਂਬਾ ਪਿੱਤਲ ਪਲਾਟੀਨਮ
ਦਾ ਉਸ ਕੋਲ ਭੰਡਾਰ ਹੈ

ਉਸਦੇ ਤੇਲ ਦੇ ਖੂਹ ਵੱਗਦੇ
ਹਨ
ਦਰਿਆ ਪਹਾੜ ਨਦੀਆਂ
ਜੰਗਲ ਸਾਗਰ
ਸਾਰੀ ਪ੍ਰਕਿਰਤੀ
ਉਸਦਾ ਪਾਣੀ ਭਰਦੇ ਹਨ
ਉਹ ਸ਼ਹਿਨਸ਼ਾਹਾਂ ਦਾ
ਸ਼ਹਿਨਸ਼ਾਹ ਹੈ
ਕੁਦਰਤ ਤੋਂ ਵੀ ਵਧ
ਤਾਕਤਵਰ ਇਨਸਾਨ ਹੈ
ਉਹ ਨਿਰਾ
ਇਨਸਾਨ ਹੀ ਨਹੀਂ
ਸਗੋਂ ਇਨਸਾਨਾਂ ਦਾ
ਭਗਵਾਨ ਹੈ

-0-

ਉਸ ਨੇ
ਆਪਣਾ ਚੌਥਾ ਰੂਪ ਵੇਖਿਆ
ਇਸ ਰੂਪ ਨੇ
ਉਸਨੂੰ ਪਰਤ-ਦਰ-ਪਰਤ
ਉਧੇੜਿਆ ਸੀਤਾ ਧੋਇਆ
ਨਿਚੋੜਿਆ ਸੁਕਾਇਆ

ਤੇ ਉਸਨੂੰ
ਉਸਦੇ ਗਲ 'ਚ ਪਾਇਆ
ਤੇ ਆਖਿਆ
ਤੂੰ ਹੀ ਹੈਂ

-0-

ਉਸ ਵੇਖਿਆ
ਉਹ ਕੱਖਾਂ ਤੋਂ ਹੌਲਾ ਸੀ
ਉਸ ਲਈ
ਜੋ ਸੱਚ ਸੀ
ਉਸਦਾ ਭਰਮ ਸੀ ਰੌਲਾ ਸੀ
ਉਹ
ਆਪਣੇ ਆਪ 'ਚ ਤਕਸੀਮਿਆਂ
ਪਿਆ ਸੀ
ਉਸਦਾ ਹਰ ਅੰਗ
ਧਰਤੀ ਤੇ ਰੀਂਘਦੇ ਕੀੜੇ ਦੇ
ਮੂੰਹ 'ਚ ਸੀ
ਉਹ ਹਸਤੀਹੀਣ
ਜ਼ਰੇ ਤੋਂ ਵੀ ਬਦਤਰ ਸੀ
ਜੋ ਕੁੱਝ ਵੀ
ਉਸਨੇ ਆਪਣੇ ਤਿੰਨਾਂ
ਰੂਪਾਂ 'ਚ ਵੇਖਿਆ ਸੀ
ਉਹ ਤ੍ਾਂ ਸਭ ਕੁੱਝ

ਉਥੇ ਹੀ ਸੀ
ਪਰ ਉਹਦੇ 'ਚ ਉਹ ਨਹੀਂ ਸੀ

-0-

ਉਹ ਪੈਰ ਪੁੱਟਣ ਤੋਂ ਪਹਿਲਾਂ
ਹੀ
ਚੋ ਗਿਆ ਸੀ
ਮਿੱਟੀ ਤੋਂ ਹੌਲਾ ਹੋ ਗਿਆ
ਸੀ
ਉਸਦਾ ਨਾ ਧਰਮ ਸੀ
ਨਾ ਈਮਾਨ ਸੀ
ਉਹ ਆਪਣੇ ਆਪ 'ਚ
ਠਰ ਗਿਆ ਸੀ
ਉਸ ਵਿਚਲਾ ਇਨਸਾਨ
ਮਰ ਗਿਆ ਸੀ
ਉਸਨੂੰ ਨਾ ਆਪਣਾ
ਗਿਆਨ ਸੀ
ਨਾ ਉਹ ਇਨਸਾਨ ਸੀ
ਉਹ ਸਿਰਫ਼ ਹੈਵਾਨ ਸੀ
ਮਾਨਵਤਾ ਦੇ ਮੱਥੇ ਦਾ ਕਲੰਕ ਸੀ
ਮਮਤਾ ਦੀ ਕੁੱਖ ਲਈ ਸ਼ਰਮ ਸੀ
ਇਹ ਅੱਜ ਦਾ ਇਨਸਾਨ ਸੀ
ਇਨਸਾਨੀਅਤ ਤੋਂ ਸੱਖਣਾ
ਦੁਨੀਆਂ ਦਾ ਭਗਵਾਨ ਸੀ

----

# ਉਹ ਘਰ ਹੈ

ਜਦ
ਉਸਦੇ ਨਾਲ ਕੋਈ ਨਾ
ਹੁੰਦਾ
ਇਹ ਕੰਧਾਂ ਹੁੰਦੀਆਂ
ਇਹ ਛੱਤ ਹੁੰਦੀ
ਇਹ ਵਿਹੜਾ ਹੁੰਦਾ
ਇਹ ਘਰ ਹੁੰਦਾ
ਉਹ ਘਰ ਦਾ ਘਰ ਹੁੰਦਾ

-0-

ਵਿਹੜੇ 'ਚ
ਅਜੇ ਵੀ ਉਸਦੇ ਕਦਮਾਂ ਦੇ
ਨਿਸ਼ਾਨ ਹਨ
ਕੰਧਾਂ ਚੋਂ ਅਜੇ ਵੀ
ਉਸਦਾ ਚਿਹਰਾ ਝਾਕਦਾ ਹੈ
ਘਰ ਦੀ ਛੱਤ ਤੇ
ਉਹ ਅਜੇ ਵੀ ਤੁਰਦਾ ਹੈ
ਬੂਹੇ ਬਾਰੀਆਂ ਰੌਸ਼ਨਦਾਨਾਂ
ਦਰਵਾਜ਼ਿਆਂ ਚੋਂ
ਅਜੇ ਵੀ ਉਸਦੀਆਂ
ਅੱਖਾਂ ਝਾਕਦੀਆਂ ਹਨ
ਘਰ ਦੇ ਵਜ਼ੂਦ ਚੋਂ

ਅਜੇ ਵੀ
ਉਸਦੇ ਜਿਸਮ ਦੀ ਮਹਿਕ
ਆਉਂਦੀ ਹੈ

-0-

ਅੱਧੀ ਰਾਤ ਨੂੰ
ਇਕ ਕਮਰਾ ਖੰਘਦਾ ਹੈ
ਇਸ ਕਮਰੇ ਚੋਂ
ਉਸਦੀਆਂ ਅਵਾਜ਼ਾਂ
ਆਉਂਦੀਆਂ ਹਨ
ਉਸਦਾ ਸਾਇਆ
ਘਰ ਦੇ ਬਰਾਂਡੇ 'ਚ
ਰੋਜ਼ ਟਹਿਲਦਾ ਹੈ

-0-

ਉਸਨੂੰ ਗੁਜ਼ਰਿਆਂ
ਕਈ ਵਰ੍ਹੇ ਹੋ ਗਏ ਹਨ
ਪਰ ਇਹ ਘਰ ਦੱਸਦਾ ਹੈ
ਕਿ ਉਹ ਅਜੇ ਵੀ
ਇਸ ਘਰ 'ਚ ਵਸਦਾ ਹੈ
ਘਰ ਦਾ ਬੂਹਾ ਕਹਿੰਦਾ ਹੈ
ਜਦ ਕਮਰੇ 'ਚ ਵੱਟ ਹੁੰਦਾ ਹੈ
ਉਹ
ਵਿਹੜੇ 'ਚ ਆਣ ਬਹਿੰਦਾ ਹੈ

-----

## ਸੱਚ ਦਾ ਘੁੱਟ

ਉਹ
ਕਈ ਵਾਰ ਆਪਣੇ
ਅੰਦਰਲੇ ਸਮੁੰਦਰ 'ਚ
ਉਤਰਿਆ

-0-

ਉਸਦੇ ਅੰਦਰ
ਕਈ ਕਿਸਮ ਦੇ ਜੀਵ ਜੰਤੂ
ਕਈ ਕਿਸਮ ਦੇ
ਹੀਰੇ ਜਵਾਹਰ
ਘੋਗੇ ਸਿੱਪੀਆਂ ਤੇ ਮੋਤੀ ਸਨ
ਕਈ ਕਿਸਮ ਦੀਆਂ
ਝਾੜੀਆਂ ਬੂਟੇ ਪਹਾੜ
ਸਨ
ਉਸਦਾ ਅੰਦਰਲਾ ਸਮੁੰਦਰ
ਕਈ ਕਿਸਮ ਦੇ
ਖ਼ਜ਼ਾਨਿਆਂ ਨਾਲ ਭਰਿਆ
ਸੀ
ਕਈ ਰੰਗਾਂ ਦੀਆਂ
ਵੱਡੀਆਂ ਛੋਟੀਆਂ ਮੱਛੀਆਂ
ਉਸ 'ਚ ਤੈਰ ਰਹੀਆਂ ਸਨ
ਉਹ ਸਾਰਾ ਸਮੁੰਦਰ
ਹੰਗਾਲਦਾ

ਆਪਣੀ ਹੋਂਦ ਦੀ
ਮੱਛਲੀ ਨੂੰ ਭਾਲਦਾ
ਜੋ
ਉਸਨੂੰ ਕਦੀ ਨਹੀਂ ਸੀ
ਮਿਲੀ

-0-

ਇਕ ਦਿਨ
ਉਹ ਸਮੁੰਦਰ ਤੈਰ ਰਿਹਾ ਸੀ
ਉਸਨੂੰ
ਆਪਣੀ ਹੋਂਦ ਦੀ
ਮੱਛਲੀ ਨਜ਼ਰ ਆਈ
ਉਹ ਮੱਛਲੀ ਪਿੱਛੇ
ਤਰਦਾ ਤਰਦਾ
ਏਨਾ ਦੂਰ ਨਿਕਲ ਗਿਆ
ਕਿ ਆਪਣੇ ਆਪ 'ਚ
ਪਰਤਣਾ ਭੁੱਲ ਗਿਆ
ਉਸਨੂੰ ਆਪਣੇ ਆਪ ਦੀ
ਆਪਣੀ ਦੇਹ ਦੀ
ਪਹਿਚਾਣ ਨਾ ਰਹੀ

-0-

ਉਸਨੂੰ ਲੱਗਿਆ
ਸਮੁੰਦਰ ਬਹੁਤ ਪਿੱਛੇ ਰਹਿ
ਗਿਆ ਹੈ

ਮੱਛਲੀ
ਉਸਦੇ ਅੱਗੇ ਅੱਗੇ ਜਾ
ਰਹੀ ਸੀ
ਅਚਾਨਕ
ਉਸਨੇ ਆਪਣੇ ਆਪ ਨੂੰ
ਸਮੁੰਦਰ ਦੇ ਪਾਰਲੇ
ਕਿਨਾਰੇ ਖੜ੍ਹਾ ਪਾਇਆ
ਤਾਂ
ਉਸਨੂੰ ਆਪਣੇ ਸੱਚ ਦੀ
ਹੋਂਦ ਦਾ
ਚਿਹਰਾ ਨਜ਼ਰ ਆਇਆ

-0-

ਉਹ ਬੋਲਿਆ
ਐ ਜੋਤ
ਮੈਂ ਤੇਰਾ ਰਹੱਸ ਸਮਝ
ਗਿਆ ਹਾਂ
ਤੂੰ ਮੈਨੂੰ ਭਵਸਾਗਰ ਤੋਂ
ਪਾਰ ਉਤਾਰ ਕੇ
ਮੇਰੇ ਚੋਂ ਮੋਹ ਮਾਇਆ
ਨਿਚੋੜ ਕੇ
ਮੈਨੂੰ ਸੱਚ ਸੁੰਦਰਤਾ
ਕਲਿਆਣ ਦੇ ਕਿਨਾਰੇ

ਲੈ ਆਈ ਹੈਂ
ਤੂੰ ਪਹਿਲਾਂ ਮੇਰਾ ਆਪਾ
ਸ਼ੁੱਧ ਕੀਤਾ ਹੈ
ਫਿਰ ਆਪਣਾ ਆਪ
ਪ੍ਰਗਟਾਇਆ ਹੈ
ਮੈਨੂੰ ਮੇਰਾ ਸੱਚ ਵਿਖਾਇਆ ਹੈ
ਮੈਂ ਤੇਰਾ ਦੀਦਾਰ ਕੀਤਾ ਹੈ
ਇਸ ਸ਼ੁੱਧ ਧਰਤੀ ਤੇ
ਮੇਰੇ ਸ਼ੁੱਧ ਆਪੇ ਨੇ
ਤੇਰੇ ਸੱਚ ਦਾ ਇਕ ਘੁੱਟ
ਪੀਤਾ ਹੈ

-----

## ਆਇਨੇ ਦਾ ਸੱਚ

ਉਸ
ਆਪਣਾ ਚਿਹਰਾ
ਆਇਨੇ ਸਾਵੇਂ ਰੱਖਿਆ
ਤੇ ਬੋਲਿਆ
ਦੱਸ ਮੈਂ ਕੀ ਹਾਂ
ਮੈਂ ਕੌਣ ਹਾਂ
ਮੇਰੀ ਕੀ ਪਹਿਚਾਣ ਹੈ
ਮੇਰੀ ਕੀ ਸਿਆਣ ਹੈ
ਮੈਂ
ਮੈਂ ਹੀ ਹਾਂ
ਇਹ ਕਿੰਜ ਜਾਣ ਸਕਦਾ ਹਾਂ
ਮੇਰੇ ਕੋਲ
ਇਸਦਾ ਸਬੂਤ ਕੀ ਹੈ
ਇਸ ਸੱਚ ਦਾ ਭੇਦ ਕੀ ਹੈ
ਇਹ ਸੱਚ
ਜਾਣਨ ਦਾ ਖਲੂਸ ਕੀ ਹੈ

-0-

ਆਇਨਾ
ਚੁੱਪ ਰਿਹਾ
ਆਇਨੇ ਨੇ ਕੁੱਝ ਨਾ ਕਿਹਾ

-0-

ਉਸ ਫਿਰ
ਆਪਣਾ ਚਿਹਰਾ
ਆਇਨੇ ਸਾਵੇਂ ਰੱਖਿਆ
ਤੇ ਆਇਨੇ ਦੀਆਂ
ਅੱਖਾਂ 'ਚ ਤੱਕਿਆ
ਆਇਨਾ ਬੋਲਿਆ
ਤੂੰ ਹਮੇਸ਼ਾਂ
ਆਪਣਾ ਚਿਹਰਾ
ਆਪਣੇ ਚਿਹਰੇ 'ਚ ਛੁਪਾਇਆ
ਹੈ.
ਇਹ
ਅਸਲ ਚਿਹਰਾ ਨਹੀਂ
ਜੋ ਤੂੰ ਆਪਣੇ
ਚਿਹਰੇ ਤੇ ਲਾਇਆ ਹੈ
ਜੋ ਚਿਹਰਾ
ਤੂੰ ਮੈਨੂੰ ਵਿਖਾਇਆ ਹੈ

-0-

ਜਦ ਤੂੰ
ਆਪਣਾ ਚਿਹਰਾ
ਆਪਣੇ ਆਪ ਤੋਂ ਨਾ ਛੁਪਾਏਗਾ
ਤੂੰ ਚਿਹਰਾ ਹੀ
ਦਰਪਣ ਹੋ ਜਾਏਗਾ

ਆਪਣੇ ਸੱਚ ਨੂੰ
ਆਪਣੇ ਹੀ ਚਿਹਰੇ ਚੋਂ ਪਾਏਗਾ
ਆਪਣੀ ਮੈਂ ਦੀ ਹੀ ਮੈਂ
ਕਹਾਏਗਾ
ਆਪਣੀ ਮੈਂ ਦਾ ਸਬੂਤ ਪਾਏਗਾ
ਆਪਣੀ ਮੈਂ ਦਾ ਸੱਚ
ਸੱਚ ਦੀ ਮੈਂ ਹੋ ਜਾਏਂਗਾ
ਫਿਰ
ਆਪਣੇ ਚਿਹਰੇ ਦੇ ਸੱਚ ਲਈ
ਤੈਨੂੰ ਕਿਸੇ ਸ਼ਨਾਖ਼ਤ ਦੀ
ਲੋੜ ਨਹੀਂ
ਤੇਰੀ ਸ਼ਨਾਖ਼ਤ ਲਈ
ਤੇਰਾ ਚਿਹਰਾ ਹੀ ਦਰਪਣ ਹੈ
ਦਰਪਣ ਕੋਈ ਹੋਰ ਨਹੀਂ
ਮੈਂ ਵੀ ਨਹੀਂ

-----

## ਤੂੰ ਕਿੱਥੇ ਹੈਂ

ਮੰਜ਼ਿਲ
ਤੈਨੂੰ ਉੱਡੀਕ ਰਹੀ ਹੈ
ਤੇਰੇ ਰਾਹਾਂ 'ਚ
ਨੈਣ ਵਿਛਾਈ ਬੈਠੀ ਹੈ
ਪਰ ਤੇਰੇ
ਪੈਰਾਂ ਦੀ ਆਹਟ ਸੁਣਾਈ
ਨਹੀਂ ਦਿੰਦੀ
ਤੇਰੀ ਇਕ ਵੀ ਝਲਕ
ਵਿਖਾਈ ਨਹੀਂ ਦਿੰਦੀ

-0-

ਦਰ ਖੁੱਲ੍ਹਾ ਹੈ
ਪੂਰੇ ਘਰ ਦੀਆਂ ਅੱਖ੍ਹਾਂ
ਸਰਦਲ ਤੇ ਲੱਗੀਆਂ ਹਨ
ਗਲੀਆਂ
ਪਿੱਛੋਂ ਬਾਹਰ
ਉੱਡੀਕ 'ਚ ਖੜ੍ਹੀਆਂ ਹਨ
ਬਾਗ਼ਾਂ 'ਚ ਕੋਇਲ ਕੂਕ
ਰਹੀ ਹੈ
ਅੰਬੀਆਂ ਪੱਕੀਆਂ ਹਨ
ਮੋਰ ਨੱਚ ਰਿਹਾ ਹੈ

ਸਾਵਣ ਦੀਆਂ ਝੱੜੀਆਂ ਹਨ
ਨੈਣੀਂ ਦਿਸਹੱਦਿਆਂ ਤੇ
ਬਾਹਾਂ ਉਲਰੀਆਂ ਖੜ੍ਹੀਆਂ ਹਨ
ਹਵਾ ਨੂੰ ਕੰਨ ਲਾਏ ਹਨ
ਤੇਰੀ ਮਹਿਕ ਨਹੀਂ ਆਉਂਦੀ
ਆਹਟ ਸੁਣਾਈ ਨਹੀਂ ਦਿੰਦੀ
ਤੇਰੀ
ਇਕ ਵੀ ਝਲਕ ਵਿਖਾਈ
ਨਹੀਂ ਦਿੰਦੀ

-0-

ਚਾਂਦਨੀ ਰਾਤ ਢਲ ਗਈ ਹੈ
ਸੁਬ੍ਹਾ ਦੀ ਅੱਖ ਦਾ
ਅੱਥਰੂ ਬਣ ਗਈ ਹੈ
ਕੋਸਿਆਂ ਸਾਹਾਂ ਦੀ
ਮਹਿਕ
ਸੱਜਰੀ ਉੱਗੀ
ਸੂਰਜ ਦੀ ਟਿੱਕੀ 'ਚ ਰਲ
ਗਈ ਹੈ
ਜਗਦੇ ਚਿਰਾਗ ਬੁੱਝ
ਗਏ ਹਨ
ਪਰਿੰਦੇ ਪ੍ਰਵਾਜ਼ ਭਰਨ ਲਈ
ਰੁੱਝ ਗਏ ਹਨ

ਤੇਰੀ ਕੋਈ ਖ਼ਬਰ ਸਾਰ
ਨਹੀਂ
ਖੜਕਿਆ ਘਰ ਦਾ
ਅਜੇ ਦੁਆਰ ਨਹੀਂ
ਕੋਈ ਆਹਟ ਸੁਣਾਈ
ਨਹੀਂ ਦਿੰਦੀ
ਤੇਰੀ ਇਕ ਵੀ ਝਲਕ
ਵਿਖਾਈ ਨਹੀਂ ਦਿੰਦੀ

-0-

ਤੈਨੂੰ ਧਰਤੀਆਂ
ਅੰਬਰਾਂ 'ਚ ਟੋਲਿਆ
ਸਾਗਰਾਂ ਜੰਗਲਾਂ 'ਚ ਫੋਲਿਆ
ਸਹਿਰਾ
ਪਹਾੜਾਂ 'ਚ ਭਾਲਿਆ
ਪਰ ਤੂੰ ਕਿੱਥੇ ਹੈਂ
ਤੂੰ ਜੇ ਆ ਨਹੀਂ ਸਕਦਾ
ਸੁਨੇਹਾ ਘਲ ਤੂੰ ਜਿੱਥੇ ਹੈਂ

------

## ਨਗਰ ਪਾਲਿਕਾ

ਉਸ ਸ਼ਹਿਰ ਦਾ ਬਦਨ
ਸ਼ਹਿਰ ਦੀ ਨਗਰ ਪਾਲਿਕਾ
ਦੀ ਗੰਦਗੀ ਦਾ ਢੋਲ ਸੀ
ਜਿਸ 'ਚ
ਗੰਦਗੀ ਤੋਂ ਗੰਦਗੀ ਤੁਰਦੀ
ਗੰਦਗੀ ਬੀਜਦੀ
ਗੰਦਗੀ ਉੱਗਾਉਂਦੀ
ਗੰਦਗੀ ਫੈਲਾਉਂਦੀ
ਇਸ ਗੰਦਗੀ ਨੂੰ ਨਿਗਲਦੇ
ਗੰਦਗੀ ਚੋਂ
ਜਨਮੇਂ ਗੰਦਗੀ ਦੇ ਕੀੜੇ

-0-

ਇਸ ਢੋਲ 'ਚ
ਸ਼ਹਿਰ ਦੀ ਨਗਰ ਪਾਲਿਕਾ
ਦੀ ਕਾਰਜ ਪ੍ਰਣਾਲੀ ਦੇ ਕੀੜੇ
ਹਨ
ਕਾਨੂੰਨ ਵਿਵੱਸਥਾ ਦੇ ਕੀੜੇ ਹਨ
ਇਨ੍ਹਾਂ ਕੀੜਿਆਂ ਦੇ ਮੂੰਹ 'ਚ
ਸ਼ਹਿਰ ਦੇ ਬੱਚੇ ਤੋਂ ਬਿਰਧ
ਸ਼ਹਿਰੀ ਦਾ
ਕੋਈ ਨਾ ਕੋਈ ਅੰਗ ਹੈ

ਇਨ੍ਹਾਂ ਕੀੜਿਆਂ ਦਾ ਮੂੰਹ
ਹੀ ਢਿੱਡ ਹੈ
ਢਿੱਡ ਹੀ ਮੂੰਹ ਹੈ

-0-

ਇਨ੍ਹਾਂ ਕੀੜਿਆਂ ਦੇ ਮੂੰਹ ਨੂੰ
ਕਾਰਖ਼ਾਨੇਦਾਰਾਂ
ਬਜ਼ਾਰੀ ਦੁਕਾਨਦਾਰਾਂ
ਖੋਖਿਆਂ ਤੇ ਰੇੜ੍ਹੀਆਂ ਦਾ
ਲਹੂ ਲੱਗਾ ਹੈ
ਕੋਠੀਆਂ ਮਕਾਨਾਂ
ਝੌਂਪੜੀਆਂ ਦਾ ਲਹੂ
ਲੱਗਾ ਹੈ
ਰਿਕਸ਼ਿਆਂ ਟਾਂਗਿਆਂ
ਬੱਸਾਂ ਮੋਟਰ ਕਾਰਾਂ
ਸਾਇਕਲਾਂ ਪੈਦਲ ਸੁਵਾਰਾਂ
ਦਾ ਲਹੂ ਲੱਗਾ ਹੈ
ਇਹ ਲਹੂ ਪੀ ਰਹੇ ਹਨ
ਮਾਸ ਖਾਈ ਜਾ ਰਹੇ ਹਨ
ਸ਼ਹਿਰ ਨੂੰ
ਕੂੜੇ ਦਾ ਢੇਲ ਬਣਾਈ
ਜਾ ਰਹੇ ਹਨ

-0-

ਇਸ ਢੋਲ ਦਾ ਨਾਂ ਹੈ

ਨਗਰ ਨਿਗਮ
ਜੋ ਸ਼ਹਿਰ ਚੋਂ ਬਾਹਰ
ਜਾਣ ਵਾਲੇ
ਸ਼ਹਿਰ ਦੇ ਅੰਦਰ
ਆਉਣ ਵਾਲੇ ਸਿਰਾਂ ਦਾ
ਪੇਟ ਕੱਟਦਾ ਹੈ

-0-

ਆਟੇ 'ਚ ਰੇਤ
ਚੌਲਾਂ 'ਚ ਕੰਕਰ
ਦਾਲਾਂ 'ਚ ਪੱਥਰ
ਤੇ ਸ਼ਬਜ਼ੀਆਂ ਨੂੰ ਜ਼ਹਿਰ
ਦੀ ਪਿਉਂਦ ਲਾ
ਗਲੀਆਂ ਮੁਹੱਲਿਆਂ
ਸੜਕਾਂ ਬਜ਼ਾਰਾਂ ਤੇ ਮੰਡੀਆਂ
'ਚ ਵੇਚ ਰਿਹਾ ਹੈ
ਪਾਣੀ ਦੁੱਧ ਦੇ ਭਾ
ਵਿੱਕ ਰਿਹਾ ਹੈ
ਕਣਕ ਦੀ ਥਾਂ ਚੱਕੀਆਂ
ਤੇ ਪੱਥਰ ਪਿੱਸ ਰਿਹਾ ਹੈ
ਮਿੱਟੀ ਘੱਟਾ ਵਿੱਕ ਰਿਹਾ ਹੈ
ਕੁੱਝ ਵੀ ਖ਼ਾਲਸ ਨਹੀਂ
ਕਿਲੋ ਕਿਲੋ ਜ਼ਹਿਰ ਖਾ ਕੇ
ਵੀ
ਲੋਕ ਜਿਉਂਦੇ ਹਨ

-0-

ਸ਼ਹਿਰ ਦੇ
ਹਰ ਬਸ਼ਰ ਦਾ ਰੋਜ਼ਾਨਾਂ
ਦਾ ਸਫ਼ਰ
ਇਸ ਢੋਲ ਤੋਂ ਸ਼ੁਰੂ ਹੋ ਕੇ
ਇਸ ਢੋਲ ਤੇ
ਮੁੱਕਦਾ ਹੈ
ਇਸ ਢੋਲ ਦੇ ਦੋਹਾਂ ਪਾਸਿਆਂ ਤੇ
ਤਰੰਗਾ
ਤੇ ਵਿਚਕਾਰ ਰਾਸ਼ਟਰ ਪਿਤਾ
ਬੈਠਾ ਹੱਸ ਰਿਹਾ ਹੈ
ਦੱਸ ਰਿਹਾ ਹੈ
ਕਿ ਸ਼ਹਿਰ ਉੱਨਤੀ ਦੇ ਰਾਹ ਤੇ
ਹੈ
ਇਹ ਰਾਹ ਢੋਲ ਚੋਂ ਨਿਕਲਦਾ ਹੈ
ਢੋਲ ਤੇ ਖ਼ਤਮ ਹੁੰਦਾ ਹੈਂ

-----

## ਪੋਟਾ ਪੋਟਾ ਬੀਜਿਆ

ਮੈਂ ਕਦ ਤਕ
ਇਸ ਪਥਰਾਂ ਦੇ ਸ਼ਹਿਰ 'ਚ
ਪੌਣਾਂ ਦਾ ਤਰਾਨਾਂ
ਗਾਉਂਦਾ ਰਹਾਂਗਾ
ਮੈਂ ਤਦ ਤਕ
ਇਨ੍ਹਾਂ ਪਲਾਸਟਕ ਦੇ
ਅਹਿਸਾਸ ਰਹਿਤ ਪੁਤਲਿਆਂ ਨੂੰ
ਜੀਵਨ ਦਾ ਸੱਚ
ਸਮਝਾਉਂਦਾ ਰਹਾਂਗਾ
ਇਸ ਪੱਥਰਾਂ ਦੇ ਸ਼ਹਿਰ ਤੇ
ਚਾਹੇ ਅਸਮਾਨ
ਬੱਦਲਾਂ ਦਾ ਹੋ ਕੇ ਵਰ੍ਹ ਜਾਵੇ
ਇਸ ਸ਼ਹਿਰ ਤੇ
ਪਾਣੀ ਦਾ ਕੋਈ ਅਸਰ ਨਹੀਂ
ਇਸ ਸ਼ਹਿਰ ਦੀ ਧਰਤੀ ਚੋਂ
ਕੁਝ ਵੀ ਪੁੰਗਰਨ ਦੀ ਉਮੀਦ
ਨਹੀਂ

-0-

ਇਹ ਤੇ ਮੱਲਿਆਂ ਝਾੜੀਆਂ
ਅੱਕਾਂ ਥੋਹਰਾਂ 'ਚ
ਬੁਲ ਬੁਲ ਦਾ ਗਾਣਾ ਹੈ

ਕਿੱਕਰਾਂ ਫਲਿਆਂ ਉਜਾੜਾਂ 'ਚ
ਮੋਰ ਦਾ ਨੱਚਣਾ ਹੈ
ਨਾ ਬੁਲਬੁਲ ਦੀ ਸੁਰ
ਨਾ ਮੋਰ ਦਾ ਨਾਚ
ਇਸ ਸ਼ਹਿਰ ਦੀਆਂ ਤੇ
ਲੋਕਾਂ ਦੀਆਂ ਅੱਖਾਂ ਨੰਮ
ਕਰ ਸਕਦਾ ਹੈ
ਨਾ ਜਜ਼ਬਾਤ ਦਾ ਸੱਚ
ਇਨ੍ਹਾਂ ਦੇ ਦਿਲਾਂ ਚੋਂ
ਪੁੰਗਰ ਸਕਦਾ ਹੈ

-0-

ਮੈਂ
ਇਸ ਸ਼ਹਿਰ 'ਚ
ਆਪਣਾ ਰਾਗ ਅਲਾਪਦਾ
ਅਲਾਪਦਾ
ਇਕ ਦਿਨ
ਇਸ ਸ਼ਹਿਰ ਦਾ ਰੂਪ ਹੋ ਜਾਵਾਂਗਾ
ਮੈਨੂੰ ਮੇਰਾ ਆਪਾ ਭੁੱਲ ਜ਼ਾਵੇਗਾ
ਮੇਰਾ ਸਿਰ ਤੋਂ ਪੈਰਾਂ ਤੱਕ ਹਰਾ
ਰੁੱਖ ਸੁੱਕ ਜਾਵੇਗਾ
ਪਰੰ ਇਹ ਸ਼ਹਿਰ ਪੱਥਰ ਦਾ
ਪੱਥਰ ਹੀ ਰਹੇਗਾ

ਨਾ ਕੁੱਝ ਸੁੱਣੇਗਾ
ਨਾ ਕੱਝ ਕਹੇਗਾ
ਇਸਦੀ ਪੱਥਰ ਜ਼ਮੀਰ
ਪੱਥਰ ਤਾਸੀਰ ਪੱਥਰ ਅਕਸੀਰ ਹੈ
ਇਹ ਕਬਰਾਂ ਦੀ ਅਬਾਦੀ ਹੈ
ਮੁਰਦਿਆਂ ਦਾ ਵਿਹੜਾ ਹੈ
ਬੇਜਾਨ ਰੰਗਾਂ ਦੀ ਤਸਵੀਰ ਹੈ

-0-

ਕੁੱਝ ਹੋਣ ਤੋਂ ਪਹਿਲਾਂ
ਮੈਂ ਆਪਣੀ ਦੇਹ ਨੂੰ
ਪੋਰੀ ਪੋਰੀ ਕੀਤਾ
ਤੇ ਸ਼ਹਿਰ ਦੁਆਲੇ ਬੀਜ ਦਿੱਤਾ
ਮੈਂ ਸੋਚਿਆ
ਜੇ ਇਸ ਸ਼ਹਿਰ ਦਾ ਰੰਗ
ਮੇਰੇ ਤੇ ਚੜ੍ਹ ਗਿਆ
ਕੁੱਝ ਕਰਨ ਤੋਂ ਪਹਿਲਾਂ ਹੀ
ਜੇ ਮੈਂ ਮਰ ਗਿਆ
ਤਾਂ ਸ਼ਹਿਰ ਦੁਆਲੇ ਬੀਜਿਆ
ਮੇਰਾ ਵਜੂਦ ਤਾਂ ਉੱਗ ਆਵੇਗਾ
ਇਸ ਸ਼ਹਿਰ ਨੂੰ ਜਗਾਵੇਗਾ
ਸ਼ਹਿਰ ਨੂੰ ਉਸਦਾ ਸੱਚ ਸਮਝਾਵੇਗਾ
ਮੇਰਾ ਸੁਫ਼ਨਾ ਸਹਿਕਾਰ ਕਰੇਗਾ
ਇਸ ਮੁਰਦੇ ਸ਼ਹਿਰ 'ਚ
ਜੀਵਨ ਚਿਰਾਗ ਧਰੇਗਾ

-----

## ਚਿਹਰੇ ਦਾ ਸੱਚ

ਚਿਹਰੇ ਨੇ ਸ਼ੀਸ਼ੇ ਦੀ
ਸ਼ੀਸ਼ੇ ਨੇ ਚਿਹਰੇ ਦੀ
ਅੱਖ 'ਚ ਤੱਕਿਆ
ਸ਼ੀਸ਼ੇ ਨੂੰ ਲੱਗਿਆ
ਇਸ ਚਿਹਰੇ 'ਚ
ਕਈ ਚਿਹਰੇ ਛਿਪੇ ਪਏ ਹਨ

-0-

ਇਕ ਚਿਹਰਾ
ਬਾਂਦਰ ਦਾ ਹੈ
ਜੋ ਸਭ ਕੁੱਝ ਤਾਂ ਸਿੱਖ
ਗਿਆ ਹੈ
ਸਿਰਫ਼ ਮਾਚਿਸ ਤੇ ਤੀਲੀ
ਬਾਲਣੀ ਨਹੀਂ ਸਿੱਖਿਆ

-0-

ਇਕ ਚਿਹਰਾ
ਚਲਾਕ ਲੂੰਬੜੀ ਦਾ ਹੈ
ਜੋ ਚਿਹਰਿਆਂ 'ਚ
ਆਪਣਾ ਭੋਲਾਪਣ ਬੀਜ ਕੇ
ਉਨ੍ਹਾਂ ਚੋਂ
ਉਨ੍ਹਾਂ ਦੇ ਅੰਗ ਤੇ ਨਕਸ਼
ਚੁਰਾ ਲੈਂਦੀ ਹੈ

-0-

ਇਕ ਚਿਹਰਾ
ਖ਼ਰਗੋਸ਼ ਦਾ ਹੈ
ਜੋ ਆਪਣੀ ਗੱਲ ਮਨਾਉਣ
ਲਈ
ਪਹਿਲਾਂ ਭਲਾਮਾਣਸ ਜਾਪਦਾ ਹੈ
ਫਿਰ ਸ਼ੇਰ ਦਾ ਚੀਤੇ ਦਾ
ਹਾਥੀ ਦਾ
ਅੰਤ 'ਚ ਚੂਹੇ ਦਾ ਰੂਪ ਧਾਰਦਾ
ਹੈ

-0-

ਇਕ ਚਿਹਰਾ
ਹਾਥੀ ਦਾ ਹੈ
ਜੋ ਆਪਣੇ ਅਕਾਰ ਦਾ ਡਰ
ਦੇ ਕੇ
ਆਪਣੇ ਆਲੇ ਦੁਆਲੇ ਦੇ
ਹਰ ਜੀਵ ਜੰਤੂ ਤੇ ਫ਼ਤਹਿ
ਪਾਉਂਦਾ ਹੈ
ਇਕ ਚਿੱਟੇ ਚੂਹੇ ਨੂੰ ਤੱਕ ਕੇ
ਹਾਥੀ ਕੰਬ ਜਾਂਦਾ ਹੈ
ਆਪਣਾ ਰਸਤਾ ਛੱਡ ਜਾਂਦਾ ਹੈ

-0-

ਇਸ ਚਿਹਰੇ 'ਚ
ਚਿਹਰਿਆਂ ਦਾ ਸਮੁੰਦਰ ਹੈ

ਭ੍ਰਿਸ਼ਟਾਚਾਰ ਰਿਸ਼ਵਤਖੋਰੀ
ਮੁਨਾਫ਼ਾਖੋਰੀ ਹੇਰਾਫੇਰੀ
ਬੇਈਮਾਨੀ ਝੂਠ ਫ਼ਰੇਬ
ਦੀਆਂ ਕਈ ਨਦੀਆਂ ਦਰਿਆ
ਚਸ਼ਮੇ ਝਰਨੇ ਤੇ ਨਾਲੇ
ਇਸ 'ਚ ਪੈਂਦੇ ਹਨ

-0-

ਸ਼ੀਸ਼ੇ ਨੇ
ਚਿਹਰੇ ਨੂੰ ਆਖਿਆ
ਤੂੰ ਭਾਵੇਂ ਕਿੰਨਾ ਵੀ ਚਤੁਰ ਹੈਂ
ਆਪਣੇ ਆਪ ਨੂੰ
ਕਿੰਨਾ ਵੀ ਵਿਦਵਾਨ
ਦਾਰਸ਼ਨਿਕ ਰਾਜਨੀਤੀਵਾਨ
ਤੇ ਸਿਆਣਾ ਸਮਝ
ਪਰ ਤੇਰੀ ਹਕੀਕਤ
ਕੰਧ ਤ਼ੇ ਲਿਖੇ ਲਤੀਫ਼ੇ ਤੋਂ
ਵੱਧ ਕੁੱਝ ਵੀ ਨਹੀਂ

-0-

ਚਿਹਰੇ ਨੇ ਸ਼ੀਸ਼ੇ ਦੀ
ਸ਼ੀਸ਼ੇ ਨੇ ਚਿਹਰੇ ਦੀ ਅੱਖ 'ਚ ਤੱਕਿਆ
ਸ਼ੀਸ਼ੇ ਨੂੰ ਲੱਗਿਆ
ਇਸ ਚਿਹਰੇ 'ਚ
ਕਈ ਚਿਹਰੇ ਛੁਪੇ ਹਨ

-----

## ਭਰਮ ਹੈ ਸਭ

ਉਸਨੇ
ਆਪਣਾ ਆਪਣਾ
ਆਪਣੇ ਦੁਆਲੇ ਦਾ
ਸ਼ਬਦ ਸ਼ਬਦ
ਅੱਖਰ ਅੱਖਰ ਪੜ੍ਹਿਆ
ਅਰਥ ਅਰਥ ਫੋਲਿਆ
ਉਸਨੂੰ
ਨਾ ਆਪਣੇ ਆਪ ਦਾ
ਨਾ ਆਪਣੇ ਦੁਆਲੇ ਦਾ
ਨਾ ਆਪਣੇ ਅੱਖਰ ਦਾ
ਨਾ ਆਪਣੇ ਸ਼ਬਦ ਦਾ
ਨਾ ਆਪਣੇ ਅਰਥ ਦਾ
ਸੱਚ ਲੱਭਾ

-0-

ਉਸਨੂੰ ਲੱਗਿਆ
ਉਸ ਦਾ ਆਪਾ
ਉਸ ਦਾ ਦੁਆਲਾ
ਸ਼ਬਦ ਅੱਖਰ ਅਰਥ
ਸਭ ਭਰਮ ਹਨ

-0-

ਉਹ ਆਪ
ਇਕ ਭਰਮ ਹੈ

ਜੋ ਆਪਣੇ ਮੂੰਹ ਤੇ
ਸੱਚ ਦਾ ਮਖੌਟਾ ਪਾਈ
ਭਰਮੀ ਦੁਨੀਆਂ 'ਚ ਵਿਚਰ
ਰਿਹਾ ਹੈ
ਤਾਂ ਕਿ ਭਰਮੀ ਦੁਨੀਆਂ
ਉਸਨੂੰ ਸੱਚ ਸਮਝੇ
ਭਰਮ ਦਾ ਸੱਚ ਸਮਝਿਆ
ਜਾਣਾ ਹੀ
ਅਜੋਕੇ ਮਨੁੱਖ ਦੇ ਜੀਵਨ ਦਾ
ਯਥਾਰਥ ਹੈ

-0-

ਇਸ ਯਥਾਰਥ
ਮਨੁੱਖ ਨੂੰ ਭਰਮ ਪਾਲਣ ਲਈ
ਜ਼ਿੰਦਾ ਰੱਖਦਾ ਹੈ
ਨਹੀਂ ਤਾਂ ਮਨੁੱਖ ਪਲ ਪਲ
ਆਪਣੇ ਆਪ 'ਚ
ਮਰਦਾ ਨਜ਼ਰ ਆਵੇ
ਆਪਣੇ ਆਪ ਨੂੰ
ਕਬਰ 'ਚ ਧਰਦਾ ਨਜ਼ਰ ਆਵੇ

-0-

ਉਸਦੇ ਲਹੂ ਦੇ ਰਿਸ਼ਤੇ
ਉਸਦੇ ਪਾਣੀ ਦੇ ਰਿਸ਼ਤੇ

ਉਸਦੇ ਹਵਾਂ ਦੇ ਰਿਸ਼ਤੇ
ਅੱਗਣ ਧਰਤੀ
ਅਕਾਸ਼ ਦੇ ਰਿਸ਼ਤੇ
ਸਭ ਭਰਮ ਹਨ

-0-

ਸੱਚ
ਇਸ ਭਰਮ ਨੂੰ ਸਿਰਜਣ
ਵਾਲਾ ਨਹੀਂ
ਜੰਮਣ ਵਾਲਾ ਨਹੀਂ
ਸੱਚ ਮਨੁੱਖ ਨਹੀਂ
ਮਨੁੱਖ ਦਾ ਦੁਆਲਾ ਨਹੀਂ
ਸ਼ਬਦ ਅੱਖ਼ਰ ਅਰਥ ਨਹੀਂ
ਸੱਚ ਮਨੁੱਖ ਦੇ ਅੰਦਰ ਹੈ
ਇਹ ਭਰਮ
ਜਿਸਦਾ ਮੰਦਰ ਹੈ
ਮਨੁੱਖ ਭਰਮ ਦਾ ਭਰਮ
ਜਾਣੇਗਾ
ਤਾਂ ਸੱਚ ਦਾ ਸੱਚ
ਪਹਿਚਾਣੇਗਾ

-----

## ਪ੍ਛਾਵੇਂ

ਇਸ ਸ਼ਹਿਰ 'ਚ
ਝੂਠੇ ਲੋਕ ਵਸਦੇ ਹਨ
ਸ਼ਹਿਰੋਂ ਬਾਹਰ ਵੱਸਦੇ
ਲੋਕਾਂ ਦੇ ਪ੍ਛਾਵੇਂ ਦੱਸਦੇ ਹਨ

-0-

ਸ਼ਹਿਰ ਦੀਆਂ ਸੜਕਾਂ ਤੇ
ਭ੍ਰਿਸ਼ਟਾਚਾਰ ਤੁਰਦਾ ਹੈ
ਬਜ਼ਾਰਾਂ 'ਚ ਮੁਨਾਫਾਖੋਰੀ
ਜਿਉਂਦੀ ਹੈ
ਘਰਾਂ 'ਚ ਜਮ੍ਹਾਂਖੋਰੀ
ਗਲੀਆਂ 'ਚ ਰਿਸ਼ਵਤਖੋਰੀ
ਰੱਹਿੰਦੀ ਹੈ
ਬੇਈਮਾਨੀ ਨਫ਼ਰਤ ਧੋਖਾ
ਫਰੇਬ
ਚੌਂਕਾਂ ਚੌਰਾਹਿਆਂ ਦੀ
ਰੌਣਕ ਹਨ

-0-

ਇਸ ਸ਼ਹਿਰ ਦਾ
ਹਰ ਬਸ਼ਰ ਨੇਤਾ ਹੈ
ਬੰਦੇ ਦੇ ਲਹੂ ਮਾਸ ਦਾ
ਵਿਓਪਾਰੀ ਹੈ

ਕਾਤਲ ਹੈ ਦੁਰਾਚਾਰੀ ਹੈ
ਸ਼ਹਿਰ ਦੇ ਹਰ ਬਸ਼ਰ ਨੂੰ
ਆਪਣੇ ਤੋਂ
ਅੱਗੇ ਨੱਸਣ ਦੀ ਬੀਮਾਰੀ ਹੈ
ਹਰ ਇਕ ਬਸ਼ਰ ਦੀ
ਪੌਣਾਂ ਦੇ ਘੋੜੇ ਤੇ ਸਵਾਰੀ ਹੈ

-0-

ਸ਼ਹਿਰ ਦੀ ਮੰਡੀ 'ਚ
ਸੂਰਜ ਚੰਨ ਸਿਤਾਰੇ ਅਕਾਸ਼
ਵਿੱਕ ਰਹੇ ਹਨ
ਔਰਤਾਂ ਵਿੱਕ ਰਹੀਆਂ ਹਨ
ਮਰਦ ਵਿੱਕ ਰਹੇ ਹਨ
ਤੱਤੇ ਵਿੱਕ ਰਹੇ ਹਨ
ਸਰਦ ਵਿੱਕ ਰਹੇ ਹਨ
ਹਰ ਸ਼ਬਦ ਨੇ
ਆਪਣਾ ਅਰਥ ਤਲੀ ਤੇ
ਧਰਿਆ ਹੈ
ਹਰ ਲਹੂ ਦੀ ਬੂੰਦ ਨੂੰ
ਪਾਣੀ ਦਾ ਰੰਗ ਚੜ੍ਹਿਆ ਹੈ
ਸ਼ਹਿਰ ਦੇ ਪੈਰਾਂ ਤੋਂ ਸਿਰ ਤੱਕ
ਝੂਠ ਦਾ ਵਸੇਰਾ ਹੈ
ਇਹ ਸ਼ਹਿਰ ਮੇਰਾ ਨਹੀਂ
ਇਹ ਸ਼ਹਿਰ ਤੇਰਾ ਹੈ

-0-

ਸ਼ਹਿਰ ਨੂੰ
ਆਪਣਾ ਕਹਿਣ ਵਾਲੇ ਪ੍ਰਛਾਵੇਂ
ਸ਼ਹਿਰ ਦੀ
ਇਸ ਦਸ਼ਾ ਦੀ ਜ਼ਿੰਮੇਂਵਾਰੀ
ਲੈਣ ਵਾਲੇ ਪ੍ਰਛਾਵੇਂ
ਸ਼ਹਿਰ ਦੇ ਲੋਕਾਂ ਦਾ ਵਜ਼ੂਦ
ਤਿਆਗ਼ ਗਏ ਹਨ
ਸ਼ਹਿਰ ਤੋਂ ਬਨਵਾਸ ਧਾਰ
ਗਏ ਹਨ

-0-

ਉਹ ਆਪਣੀ ਜ਼ਮੀਰ
ਮਾਰ ਕੇ
ਸ਼ਹਿਰ 'ਚ ਰਹਿਣਾ ਨਹੀਂ
ਚਾਹੁੰਦੇ
ਇਸ ਸ਼ਹਿਰ ਦੇ ਰੁੱਖ ਹੇਠ
ਬਹਿਣਾ ਨਹੀਂ ਚਾਹੁੰਦੇ
ਪ੍ਰਛਾਵੇਂ ਜੋ ਲੋਕਾਂ ਦੀ ਦੇਹ ਦਾ
ਸੱਚ ਹਨ
ਰੂਹ ਦੀ ਅਵਾਜ਼ ਹਨ
ਮਨੁੱਖ ਦੇ ਜੀਵਨ ਦਾ ਸਾਜ਼ ਹਨ
ਲੋਕਾਂ ਦੀ ਦੇਹ ਤਿਆਗ਼ ਗਏ ਹਨ
ਇਸ ਝੂਠ ਦੀ ਨਗਰੀ ਤੋਂ
ਬਾਹਰ ਹੋ ਅਬਾਦ ਗਏ ਹਨ

-----

## ਸੱਚ ਝੂਠ

ਆਪਣੇ ਵਿਰੋਧ 'ਚ
ਉਹ ਰੋਜ਼
ਆਪਣਾ ਸਿਰ ਸੂਲੀ
ਤੇ ਟੰਗਦਾ
ਉਤਾਰਦਾ ਤੈ ਫਿਰ ਸੂਲੀ
ਤੇ ਚਾੜ੍ਹਦਾ
ਆਪਣੇ ਆਪ ਨੂੰ
ਸਿਰ ਤੋਂ ਪੈਰਾਂ ਤੱਕ ਲਹੂ 'ਚ
ਰੰਗਦਾ
ਤੇ ਆਪਣੇ ਦੁਆਲੇ ਦੇ ਝੂਠ
'ਚ ਚੀਖ਼ ਚੀਖ਼ ਕੇ ਬੋਲਦਾ
ਇਹ ਸੱਚ ਹੈ
ਜਿਸਨੂੰ ਲੋਕ ਸੁਣਦੇ ਨਹੀਂ

-0-

ਇਕ ਦਿਨ
ਉਹ ਮੂੰਹ ਤੇ ਲਹੂ ਮਲ
ਬਜ਼ਾਰ 'ਚ ਉਤਰ ਗਿਆ
ਉਸਨੇ ਹਰ ਦੁਕਾਨਦਾਰ
ਨੂੰ ਕਿਹਾ
ਮੈਨੂੰ ਸੱਚ ਦਿਓ
ਇਸਦੇ ਇਵਜ਼ 'ਚ
ਬੇਸ਼ੱਕ ਮੈਨੂੰ ਗਿਰਵੀ ਰੱਖ ਲਵੋ

-0-

ਸਾਰਾ ਬਜ਼ਾਰ
ਇਕਸੁਰ 'ਚ ਬੋਲਿਆ
ਅਸੀਂ ਸੱਚ ਦੇ ਵਿਓਪਾਰੀ ਹਾਂ
ਸੱਚ ਦਾ ਕਾਰੋਬਾਰ ਕਰਦੇ ਹਾਂ
ਹਰ ਗਾਹਕ ਦੀ ਤਲੀ ਤੇ ਸੱਚ
ਧਰਦੇ ਹਾਂ
ਜਿੰਨਾ ਚਾਹੇ ਕੋਈ ਸੱਚ
ਉੱਠਾ ਲਵੇ
ਪਰ ਸੱਚ ਦਾ ਸਾਡੇ ਨਾਲ ਭਾਅ
ਮੁਕਾ ਲਵੇ

-0-

ਵਿਓਪਾਰੀ ਬੋਲੇ
ਤੈਨੂੰ ਸੱਚ ਦੀ ਪਹਿਚਾਣ ਹੈ
ਸੱਚ ਕੀ ਹੁੰਦਾ ਹੈ
ਤੂੰ ਸਿਰਫ਼ ਸ਼ਾਇਦ
ਸੱਚ ਦਾ ਨਾਂ ਸੁਣਿਆ ਹੈ
ਅਸੀਂ ਸੱਚ ਖੱਟਿਆ ਕਮਾਇਆ
ਹੈ
ਸੱਚ ਜੀਵਿਆ ਤੇ ਹੰਢਾਇਆ ਹੈ
ਅਸੀਂ ਜੋ ਰੋਜ਼ ਦਾ ਕਾਰੋਬਾਰ
ਕਰਦੇ ਹਾਂ
ਇਹ ਸੱਚ ਹੈ
ਜਿਸ ਸੱਚ ਦਾ ਅਸੀਂ
ਵਿਓਪਾਰ ਕਰਦੇ ਹਾਂ

-0-

ਉਸ ਫਿਰ ਆਪਣਾ ਸਿਰ
ਸੂਲੀ ਤੇ ਟੰਗਿਆ
ਆਪਣੇ ਆਪ ਨੂੰ
ਸਿਰ ਤੋਂ ਪੈਰਾਂ ਤੱਕ ਲਹੂ 'ਚ
ਰੰਗਿਆ
ਸੂਲੀ ਤੇ ਟੰਗਿਆ ਸਿਰ
ਬੋਲਿਆ
ਮੇਰੇ ਧੜ ਤੋਂ ਸੂਲੀ ਤੱਕ ਦਾ
ਸਫ਼ਰ ਸੱਚ ਹੈ
ਤੁਹਾਡੇ ਕੱਟੇ ਸਿਰਾਂ ਤੋਂ ਪੇਟ
ਭਰਨ ਤੱਕ ਦਾ ਸਫ਼ਰ ਝੂਠ ਹੈ
ਕੱਟਿਆ ਸਿਰ
ਸੱਚ ਦਾ ਵਜ਼ੂਦ ਹੈ
ਸਿਰ ਕੱਟ ਕੇ ਭਰਿਆ ਪੇਟ
ਝੂਠ ਦਾ ਵਜ਼ੂਦ ਹੈ

-0-

ਤੁਸੀਂ ਆਪਣੇ ਪੇਟ ਚੀਰੋ
ਤੁਹਾਨੂੰ ਲੋਕਾਂ ਦੇ ਕੱਟਿਆਂ
ਸਿਰਾਂ ਦੇ ਅੰਬਾਰ ਮਿਲਣਗੇ
ਝੂਠ ਦੇ ਵਿਓਪਾਰੀ
ਝੂਠ ਦੇ ਕਾਰੋਬਾਰ ਮਿਲਣਗੇ
ਤੁਸੀਂ ਕਿਸੇ ਦਾ ਸਿਰ ਕੱਟਣ ਤੋਂ
ਪਹਿਲਾਂ
ਕਦੀ ਆਪਣਾ ਸਿਰ ਕੱਟਿਆ ਹੈ

ਕਿਸੇ ਗਾਹਕ ਦੀ ਤਲੀ ਤੇ
ਕੱਟੇ ਸਿਰ ਦੇ ਬਦਲੇ
ਕਦੀ ਕੋਈ ਸੱਚ ਧਰਿਆ ਹੈ

-0-

ਆਪਣਾ ਸਿਰ
ਸੂਲੀ ਤੇ ਟੰਗੋ
ਉਤਾਰੋ ਤੇ ਫਿਰ ਟੰਗੋ
ਆਪਣੇ ਆਪਨੂੰ ਸਿਰ ਤੋਂ
ਪੈਰਾਂ ਤੱਕ ਲਹੂ 'ਚ ਰੰਗੋ
ਫਿਰ ਤੁਹਾਨੂੰ ਅਹਿਸਾਸ ਹੋਏਗਾ
ਕਿ ਸੱਚ ਕੀ ਹੈ
ਤੇ ਤੁਸੀਂ ਕਿਹੜੇ ਸੱਚ ਦੇ ਵਿਓਪਾਰੀ ਹੋ
ਕਿਹੜੇ ਸੱਚ ਦਾ ਕਾਰੋਬਾਰ ਕਰਦੇ ਹੋ
ਸਿਰ ਕੱਟ ਕੇ ਪੇਟ ਭਰਦੇ ਹੋ
ਕਿ ਪੇਟ ਭਰ ਕੇ ਸਿਰ ਕੱਟਦੇ ਹੋ

-----

# ਪ੍ਵਾਜ਼
(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

## ਤਤਕਰਾ

1. ਕਵਿਤਾ ਦਾ ਆਗ਼ਮਨ
2. ਉਧਾਰਾ ਸੱਚ
3. ਹਰਿਆ ਮੁੱਢ
4. ਬਾਦਸ਼ਾਹ
5. ਮਹਿਲਾਂ ਦਾ ਸ਼ੋਰ
6. ਵਾਪਸੀ
7. ਮੁਸਾਫ਼ਿਰ
8. ਆਇਨਾ
9. ਉਹ ਕੋਲ ਸੀ
10. ਪੱਥਰ
11. ਸੰਪਰਕ ਬੰਧਨ
12. ਨੌਂ ਨਿੱਕੀਆਂ ਕਵਿਤਾਵਾਂ
13. ਖੁਸ਼ੀਆਂ ਦਾ ਖੰਡਰ
14. ਵਕਤ
15. ਫ਼ਤਹਿ
16. ਬੁੱਝਿਆ ਦੀਵਾ
17. ਜਲ ਵਿਚਲਾ ਜਲ
18. ਕੌਣ ਹੈ
19. ਉਲਟਿਆ ਸਮੁੰਦਰ
20. ਦੁਨੀਆਂ
21. ਸ਼ਬਦਾਂ ਅਰਥਾਂ ਚੋਂ ਮੱਨਫ਼ੀ
22. ਕਿੰਨਾ ਮੁਸ਼ਕਲ ਹੈ
23. ਖੋਜ
24. ਵਾਦੀਆਂ ਦੀ ਅਵਾਜ਼
25. ਪੱਥਰ ਤੇ ਰੱਬ
26. ਬਾਪ ਤੇ ਰੱਬ
27. ਦੀਵਾਰ
28. ਇਕ ਹੀ ਸ਼ਖ਼ਸ
29. ਬਸਤੀ ਦੀ ਕਬਰ

## ਕਵਿਤਾ ਦਾ ਆਗਮਨ

ਉਸਦੇ ਘਰ
ਜਦ ਕਵਿਤਾ ਜਨਮੀਂ
ਤਾਂ
ਉਸਦੀ ਕੁੱਲੀ 'ਚ
ਸੂਰਜ ਚੜ੍ਹਿਆ
ਉਸਦੇ ਪੈਰਾਂ 'ਚ
ਰਾਹ ਜਨਮੇਂ
ਉਸਦੀ ਨਜ਼ਰ 'ਚ
ਮੰਜ਼ਿਲਾਂ ਸਿਮਟ ਆਈਆਂ

-0-

ਉਹ ਸਾਗਰ ਤੇ ਤੁਰਿਆ
ਪੌਣਾਂ ਤੇ ਕਾਠੀ ਪਾ
ਚੰਨਾਂ ਤਾਰਿਆਂ ਦੇ ਮੱਥੇ
ਚੁੰਮਦਾ
ਸਾਰਾ ਅੰਬਰ ਘੁੰਮਿਆਂ
ਸੂਰਜ ਦੇ ਦਰ ਤੇ ਆਇਆ
ਸੂਰਜ ਦੇ ਮੱਥੇ ਜਗਦਾ
ਉਸ
ਕਵਿਤਾ ਦਾ ਤੇਜ਼ ਪਾਇਆ

-0-

ਉਸਨੂੰ ਲੱਗਿਆ
ਕਵਿਤਾ ਦਾ ਅਗਮਨ
ਉਸਦੀ ਜ਼ਿੰਦਗੀ 'ਚ
ਕੁਦਰਤ ਦਾ ਕ੍ਰਿਸ਼ਮਾਂ ਹੈ
ਉਹ ਸਭ ਕੁੱਝ ਭੁੱਲ ਕੇ
ਆਪਣੀ
ਕਵਿਤਾ ਦੀ ਖ਼ੁਸ਼ੀ 'ਚ ਖੋਹਿਆ

-0-

ਕਵਿਤਾ
ਉਸਨੂੰ ਉਂਗਲੀ ਲਾ
ਇਕ ਬਸਤੀ 'ਚ ਲੈ ਆਈ
ਠੰਡਿਆਂ ਚੁਲ੍ਹਿਆਂ ਤੇ
ਰਿੱਝਦੀ ਭੁੱਖ ਉਸਨੂੰ
ਕਵਿਤਾ ਨੇ ਵਿਖਾਈ
ਚੌਂਕੇ 'ਚ ਬਰਤਨ ਨੰਗ
ਧੜੰਗੇ
ਘੜਵੰਜੀ ਤੇ ਪਿਆਸਾ ਘੜਾ
ਖ਼ਾਲੀ ਪੀਪਾ
ਉੱਡੀਕਦਾ ਆਟਾ
ਘਰ ਦੀ ਤਰੀਮਤ ਦੇ ਫਟੇ
ਝੱਗੇ ਚੋਂ
ਅੰਗ ਝਾਕਦੇ ਦਿੱਸੇ

ਘਰ ਦਾ ਮਾਲਿਕ
ਮੰਜੇ ਤੇ ਬੈਠਾ
ਵੱਟ ਸੀ ਵਾਣ ਰਿਹਾ
ਗਰਮੀ ਦੇ ਹੁੰਮ 'ਚ
ਸਾਰਾ ਘਰ ਸੀ ਉਬਲ ਰਿਹਾ
ਕਵਿਤਾ ਨੇ
ਆਖਿਆ ਉਸ ਨੂੰ
ਇਹ ਮੇਰਾ ਆਦਿ ਹੈ

-0-

ਕਵਿਤਾ
ਉਸ ਨੂੰ ਉਂਗਲੀ ਲਾ
ਆਦਿ ਤੋਂ ਅੰਤ ਵੱਲ ਲੈ ਤੁਰੀ
ਹਰਿਆਂ ਰੁੱਖਾਂ ਦੇ ਝੁੰਡ 'ਚ ਵੱਸਦੇ
ਇਕ ਪਿੰਡ 'ਚ ਆਣ ਵੜੀ
ਖੁਸ਼ੀਆਂ ਖੇੜਿਆਂ ਦਾ
ਉਸ ਪਿੰਡ 'ਚ ਡੇਰਾ ਸੀ
ਹਰ ਘਰ ਦਾ ਚੁੱਲ੍ਹਾ ਮੱਘਦਾ ਸੀ
ਹਰ ਘਰ ਦੀ ਹਾਂਡੀ ਪੱਕਦੀ
ਸੀ
ਪੜਛੱਤੀਆਂ ਤੇ ਪਏ ਭਾਂਡੇ
ਘਰ ਦੀ ਸ਼ੋਭਾ ਵਧਾ ਰਹੇ ਸਨ
ਪ੍ਰੀਪੇ 'ਚ

ਆਟੇ ਦੇ ਮੋਕਲੇ ਮੋਕਲੇ ਅੰਗ
ਸੌੜੇ ਹੁੰਦੇ ਜਾ ਰਹੇ ਸਨ
ਘੜਾ
ਸਾਗਰ ਜਲ ਦਾ ਹੋਇਆ ਸੀ
ਘਰ ਦੀ
ਤ੍ਰੀਮਤ ਸੱਜੀ ਧੱਜੀ
ਤੱਵੇ ਤੇ ਰੋਟੀਆਂ ਪਾ
ਰਹੀ ਸੀ
ਚੀਰੇ ਵਾਲਾ
ਖੇਤਾਂ 'ਚ ਹੱਲ ਵਾਹ ਰਿਹਾ
ਸੀ
ਬੱਚੇ ਕਾਂਇਦੇ ਕਾਪੀਆਂ ਦੇ
ਜਿਸਮ ਹੰਢਾ ਰਹੇ ਸਨ
ਇਕ ਸਵਰਗ ਸੀ
ਜੋ ਪਿੰਡ ਦੀ ਧਰਤੀ ਤੇ
ਛਾਇਆ ਸੀ
ਬਰਾਤ ਸੂਰਜਾਂ ਚੰਨਾਂ
ਤਾਰਿਆਂ ਦੀ ਲੈ ਕੇ
ਅੰਬਰ
ਧਰਤ ਦੇ ਵਿਹੜੇ ਆਇਆ ਸੀ

-0-

ਕਵਿਤਾ ਬੋਲੀ
ਇਹ ਮੇਰੇ ਖੁਆਬ ਦੀ

ਹਕੀਕਤ ਹੈ
ਮੇਰੇ ਆਦਿ ਤੋਂ ਅੰਤ ਤੱਕ
ਦੀ ਕੀਮਤ ਹੈ
ਜਿਸ ਦਾ ਸਫ਼ਰ
ਤੂੰ ਮੇਰੇ ਨਾਲ ਮੈਂ ਤੇਰੇ ਨਾਲ
ਤਹਿ ਕਰਨਾ ਹੈ
ਇਹ ਸਵਰਗ ਜੋ ਤੈਨੂੰ
ਮੈਂ ਵਿਖਾਇਆ ਹੈ
ਇਹ ਸਵਰਗ
ਮੇਰੇ ਆਦਿ ਦੀ ਬਸਤੀ
ਧਰਨਾ ਹੈ
ਤੇਰੇ ਘਰ 'ਚ
ਮੇਰਾ ਜਨਮਣਾ
ਤਾਂ ਸਫ਼ਲ ਹੋਵੇਗਾ
ਜੇ ਨਰਕ ਦੀ ਥਾਂ
ਧਰਤ ਤੇ ਸਵਰਗ ਹੋਵੇਗਾ

-0-

ਉਸਦੇ ਘਰ
ਜਦ ਕਵਿਤਾ ਜਨਮੀਂ
ਤਾਂ ਉਸ ਦੀ ਕੁੱਲੀ ਚੋਂ
ਸੂਰਜ ਚੜ੍ਹਿਆ
ਉਸਦੇ ਪੈਰਾਂ ਚੋਂ ਰਾਹ ਜਨਮੇਂ
ਉਸਦੀ ਨਜ਼ਰ 'ਚ
ਮੰਜ਼ਿਲਾਂ ਸਿਮਟ ਆਈਆਂ

-----

# ਉਧਾਰਾ ਸੱਚ

ਇਹ ਕੈਸਾ ਮੌਸਮ ਹੈ
ਸੂਰਜ ਤਾਂ ਹੈ
ਪਰ ਰੌਸ਼ਨੀ ਨਹੀਂ
ਚੰਦਰਮਾ ਤਾਂ ਹੈ
ਪਰ ਠੰਡਕ ਨਹੀਂ
ਬਹਾਰ ਹੈ ਪਰ ਰੌਣਕ ਨਹੀਂ
ਰੁੱਤ ਹੈ
ਰੰਗ ਨਹੀਂ ਖ਼ੁਸ਼ਬੂ ਨਹੀਂ

-0-

ਹਵਾ ਹੈ
ਪਰ ਵੇਗ ਨਹੀਂ
ਅੱਗਣ ਹੈ
ਪਰ ਸੇਕ ਨਹੀਂ
ਮੌਸਮ 'ਚ ਆਪਣਾ ਆਪਾ
ਨਹੀਂ
ਸਭ ਉਧਾਰਾ ਹੈ
ਉਧਾਰੀਆਂ ਨਜ਼ਰਾਂ ਹਨ
ਉਧਾਰੀਆਂ ਜੀਭਾਂ ਹਨ
ਉਧਾਰੇ ਕੰਨ ਹਨ
ਉਧਾਰੀ ਸੋਚ ਹੈ
ਉਧਾਰਾ ਅਨੁਭਵ ਹੈ

-0-

ਉਧਾਰਾ ਨਜ਼ਾਰਾ ਹੈ
ਉਧਾਰਾ ਵਰਨਣ ਹੈ

ਉਧਾਰਾ ਸੁਣਨਾ ਹੈ
ਉਧਾਰਾ ਬੁਨਣਾ ਹੈ
ਉਧਾਰਾ ਸਿਰਜਣਾ ਹੈ
ਉਧਾਰ ਦਾ ਸਭ ਸਿਲਸਿਲਾ ਹੈ
ਉਧਾਰ ਦਾ ਕਾਰੋਬਾਰ ਹੈ
ਉਧਾਰ ਦਾ ਵਜੂਦ ਹੈ
ਉਧਾਰ ਦਾ ਇਤਬਾਰ ਹੈ

-0-

ਆਪਣੀ ਨਜ਼ਰ ਕਿੱਥੇ ਹੈ
ਆਪਣਾ ਨਜ਼ਾਰਾ ਕਿੱਥੇ ਹੈ
ਆਪਣਾ ਇਤਬਾਰ
ਕਿੱਥੇ ਹੈ
ਆਪਣੇ ਅੱਖੀਂ ਵੇਖੇ
ਸੱਚ ਦਾ ਇਜ਼ਹਾਰ ਕਿੱਥੇ ਹੈ

-0-

ਹਰ ਕੋਈ ਉਧਾਰੀ ਨਜ਼ਰ
ਉਦਾਰੀ ਜੀਭ ਉਧਾਰੇ ਕੰਨ
ਉਧਾਰੀ ਸੋਚ ਉਧਾਰੇ ਅਨੁਭਵ
ਦੀ ਖਿੜਕੀ ਚੋਂ ਵੇਖ ਰਿਹਾ ਹੈ
ਉਧਾਰ ਦੀ ਸਮੱਗਰੀ ਤੇ
ਇਤਬਾਰ ਕਰ ਰਿਹਾ ਹੈ
ਆਪਣਾ ਸੱਚ ਭਰਮ ਦੀ
ਸੂਲੀ ਦੀ ਭੇਂਟ ਕਰ ਰਿਹਾ

-0-

ਇਨਸਾਨ ਹੈ
ਇਨਸਾਨ 'ਚ ਆਪਣਾ
ਕੁੱਝ ਨਹੀਂ
ਆਪਣੀ ਤਾਸੀਰ ਨਹੀਂ
ਆਪਣੀ ਜ਼ਮੀਰ ਨਹੀਂ
ਆਪਣੀ ਮਹਿਕ ਨਹੀਂ ਰੰਗ
ਨਹੀਂ ਰੂਪ ਨਹੀਂ
ਆਪਣੀ ਅਕਸੀਰ ਨਹੀਂ

-0-

ਇਨਸਾਨ ਦਾ
ਨਾ ਆਪਣਾ ਚਿਹਰਾ
ਨਾ ਆਪਣਾ ਦਰਪਣ ਹੈ
ਇਨਸਾਨ ਨਾ
ਆਪਣੇ ਆਪ ਦੀ ਭੇਂਟ
ਚੜ੍ਹਿਆ ਹੈ
ਇਨਸਾਨ ਨੇ ਆਪਣਾ
ਸਭ ਕੁੱਝ
ਆਪਣੇ ਸਾਏ ਦੇ ਸਿਰ
ਧਰਿਆ ਹੈ
ਇਹ ਜਾਣਦੇ ਹੋਏ ਵੀ
ਸਾਇਆ ਦੇਹ ਦਾ ਸੱਚ ਨਹੀਂ
ਸਾਏ ਦਾ ਸੱਚ ਦੇਹ ਹੈ

-0-

ਇਨਸਾਨ ਨਾ ਇਨਸਾਨ ਨੂੰ

ਨਾ ਇਨਸਾਨੀਅਤ ਨੂੰ
ਅਰਪਣ ਹੈ
ਆਪਣੀ ਪ੍ਰਕਰਮਾਂ ਆਪ ਹੈ
ਪ੍ਰਕਰਮਾਂ ਦਾ ਆਪ ਪ੍ਰਕਰਮਨ ਹੈ
ਅਨਾਜ ਦੇ ਖੇਤਾਂ 'ਚ
ਅੱਗਾਂ ਬੀਜਦਾ ਹੈ
ਧਰਤ ਕੋਲੇ ਕਰ ਰਿਹਾ ਹੈ
ਅੰਬਰ ਨੂੰ ਟਾਕੀ ਲਾ
ਰਿਹਾ ਹੈ
ਝੂਠੇ ਤਰਾਨੇ ਗਾ ਰਿਹਾ ਹੈ
ਕੂੜ
ਸੱਚ ਬਣਾ ਰਿਹਾ ਹੈ
ਲੋਕ ਇਸ ਕੂੜ ਦੇ ਇਵਜ਼ 'ਚ
ਬੰਦੇ ਨੂੰ ਸੱਚ ਮੋੜਣ
ਇਸ ਅਹਿਸਾਸ ਤੇ ਹੀ
ਮਨੁੱਖ ਜੀਅ ਰਿਹਾ ਹੈ
ਆਪਣੇ ਜਲ ਦੇ ਘੜੇ ਨੂੰ
ਢੱਕ ਕੇ
ਲੋਕਾਂ ਦਾ ਲਹੂ ਪੀ ਰਿਹਾ ਹੈ
ਇਹ ਆਪਣੀ ਅੱਖੀਂ
ਵੇਖਿਆ
ਆਪਣੀ ਅੱਖ ਦਾ ਨਜ਼ਾਰਾ ਹੈ
ਇਸ ਤੇ ਮਨੁੱਖ ਨੂੰ

ਇਤਬਾਰ ਨਹੀਂ
ਮਨੁੱਖ ਦੀ ਜੁਬਾਨ ਤੇ
ਇਸਦਾ ਇਜ਼ਹਾਰ ਨਹੀਂ
ਮਨੁੱਖ ਆਪਣਾ ਸੱਚ
ਤੇ ਤਸਦੀਕ ਕਰ ਲਵੇ
ਬੀਤੀ ਜ਼ਿੰਦਗੀ ਚੋਂ
ਅਜੋਕਾ ਪਲ ਫੜ ਲਵੇ
ਤਾਂ ਆਪਣੇ ਅੱਜ 'ਚ
ਉਤਰ ਸਕਦਾ ਹੈ
ਆਪਣੇ ਆਪ ਨੂੰ
ਅੱਜ 'ਚ ਉਤਾਰ ਸਕਦਾ ਹੈ
ਭੂਤ ਦੀ ਕੁੱਖ ਚੋਂ
ਉੱਜਲਾ ਭਵਿੱਖ ਉਸਾਰ
ਸਕਦਾ ਹੈ
ਜੋ ਉਦਾਰੀਆਂ ਨਜ਼ਰਾਂ
ਦਾ ਸੱਚ ਨਾ ਹੋਵੇਗਾ
ਨਜ਼ਾਰਾ ਨਾ ਹੋਵੇਗਾ
ਉਹ ਆਪਣਾ ਸੱਚ ਹੋਵੇਗਾ
ਨਾ ਉਧਾਰਾ ਹੋਵੇਗਾ

-----

## ਹਰਿਆ ਮੁੱਢ

ਉਹ ਹਰੇ ਰੁੱਖ ਤੋਂ
ਸੁੱਕਿਆਂ ਪੱਤਿਆਂ ਦਾ
ਢੇਰ ਹੋ ਗਿਆ
ਉਸਦੀਆਂ ਟਹਿਣੀਆਂ ਤੇ
ਵੱਸਦੇ ਪੰਛੀ
ਉਸਨੂੰ ਤਿਆਗ ਗਏ
ਹਰਿਆਵਲ ਬਨਸਪਤੀ
ਹੋ ਗਈ
ਉਸਦੀ ਛਾਂ ਨੂੰ
ਧੁੱਪਾਂ ਦੇ ਸਾਏ ਮਾਰ ਗਏ

-0-

ਹਰੇ ਰੁੱਖ ਦੀ ਥਾਂ
ਲੋਕਾਂ ਨੇ ਉਸਦਾ ਨਾਂ
ਸੁੱਕਾ ਰੁੱਖ ਰੱਖ ਦਿੱਤਾ
ਹੁਣ ਨਾ
ਉਸਦੀ ਟਹਿਣੀ ਤੇ
ਕੋਈ ਪੰਛੀ ਹੀ ਬਹਿੰਦਾ
ਨਾ ਕੋਈ ਧੁੱਪਾਂ 'ਚ ਸੜਦਾ
ਮੁਸਾਫ਼ਿਰ ਹੀ
ਉਸਦੀ ਛਾਂ ਮਾਣਦਾ

-0-

ਉਹ ਰੁੱਖ ਦੀ ਥਾਂ
ਬਾਲਣ ਹੋ ਗਿਆ
ਲੋਕਾਂ ਉਸਨੂੰ ਵੱਢਿਆ
ਉਸਦੀ ਹੱਲ ਬਣਾਈ
ਸੁਹਾਗਾ ਬਣਾਇਆ
ਪੰਜਾਲੀ ਬਣਾਈ
ਤੇ
ਉਸਦੀ ਕੁੱਝ ਲੱਕੜੀ
ਮੁਰਦੇ ਸਾੜਣ ਦੇ ਕੰਮ
ਆਈ

-0-

ਉਸਦਾ ਮੁੱਢ
ਧਰਤੀ 'ਚ ਰਹਿ ਗਿਆ
ਤੇ ਬਰਸਾਤਾਂ ਤੋਂ ਬਾਅਦ
ਫਿਰ ਪੁੰਗਰ ਪਿਆ
ਥੋੜ੍ਹੇ ਹੀ ਸਮੇਂ 'ਚ
ਉਸ ਸੁੱਕੇ ਰੁੱਖ ਦਾ ਰੂਪ
ਪੱਤਿਆਂ ਨਾਲ ਲੱਦਿਆ
ਗਿਆ
ਉਹ ਹਰਾ ਰੁੱਖ ਹੋ ਗਿਆ
ਪੰਛੀਆਂ ਨੇ
ਉਸਨੂੰ ਆਪਣਾ ਘਰ ਬਣਾ
ਲਿਆ

ਮੁਸਾਫ਼ਿਰਾਂ ਪਸ਼ੂਆਂ
ਉਸਦੀ ਛਾਂ ਨੂੰ
ਧੁੱਪ 'ਚ ਬਾਰਸ਼ ਕਣੀ 'ਚ
ਆਪਣਾ
ਆਸਰਾ ਬਣਾ ਲਿਆ

-0-

ਇਕ ਦਿਨ
ਇਕ ਮੁਸਾਫ਼ਿਰ
ਉਸਦੀ ਛਾਂਵੇਂ ਬੈਠਾ
ਮੁਸਾਫ਼ਿਰ ਰੁੱਖ ਨੂੰ ਬੋਲਿਆ
ਤੈਨੂੰ ਪਤਾ ਹੈ
ਤੂੰ ਸੁੱਕ ਗਿਆ ਸੈਂ
ਨਾ ਤੇਰਾ ਕੋਈ ਪੱਤਾ ਸੀ
ਨਾ ਟਹਿਣੀ ਸੀ ਨਾ ਫੁੱਲ ਸੀ
ਨਾ ਫੱਲ ਸੀ
ਨਾ ਤੇਰੀ ਕੋਈ ਛਾਂ ਸੀ
ਤੈਨੂੰ ਪਿੰਡ ਦੇ ਲੋਕਾਂ ਵੱਢ
ਮੁਕਾਇਆ ਸੀ

-0-

ਰੁੱਖ ਬੋਲਿਆ
ਮੈਂ ਸਾਰੀ ਉਮਰ ਪਰਿੰਦਿਆਂ
ਦਾ ਆਸਰਾ ਬਣਿਆ ਹਾਂ

ਪਸ਼ੂ ਤੇ ਮਨੁੱਖਾਂ ਨੂੰ
ਆਪਣੀ ਛਾਵੇਂ ਬਿਠਾਇਆ ਹੈ
ਬਾਲਾਂ ਨੂੰ
ਆਪਣੇ ਫੱਲ ਖੁਆਏ ਹਨ
ਮੈਂ ਸਾਰੀ ਉਮਰ
ਪਿੰਡ ਦੇ ਲੋਕਾਂ ਦੀ ਸੇਵਾ 'ਚ
ਗੁਜ਼ਾਰੀ ਹੈ
ਜਦ ਮੇਰੇ 'ਚ
ਮੇਰੀ ਹਰਿਆਵਲ ਨਾ ਰਹੀ
ਮੇਰੇ ਫੁੱਲ ਪੱਤੇ ਟਹਿਣੀਆਂ
ਫੱਲ ਨਾ ਰਹੇ
ਮੈਂ ਸੁੱਕ ਕੇ ਬਾਲਣ ਹੋ ਗਿਆ
ਪਿੰਡ ਦੇ ਲੋਕਾਂ
ਮੈਨੂੰ ਕੱਟਿਆ

-0-

ਮੈਂ ਫਿਰ ਵੀ ਉਨ੍ਹਾਂ ਦੇ ਕੰਮ
ਆਇਆ
ਪਿੰਡ ਦੇ ਲੋਕਾਂ
ਮੇਰਾ ਬਾਲਣ
ਪਿੰਡ ਦੇ ਇਕ ਬਜ਼ੁਰਗ ਦੀ
ਮੁਰਦਾ ਦੇਹ ਤੇ ਪਾਇਆ
ਉਸ ਬਜ਼ੁਰਗ ਨੇ
ਮੈਨੂੰ ਆਪਣਾ ਹਾਲ ਸੁਣਾਇਆ

ਐ ਸੁੱਕੇ ਰੁੱਖ
ਮੈਂ ਬਚਪਨ ਤੋਂ
ਤੇਰੀ ਛਾਵੇਂ ਖੇਡਦਾ ਸਾਂ
ਆਉਂਦਾ ਜਾਂਦਾ
ਤੇਰੀ ਛਾਵੇਂ ਬਹਿੰਦਾ ਸਾਂ
ਬਚਪਨ 'ਚ
ਤੂੰ ਮੈਨੂੰ ਆਪਣੀ ਬੁੱਕਲੇ
ਬਿਠਾਉਂਦਾ ਸੈਂ
ਅੱਜ ਮੇਰੀ ਮੁਰਦਾ ਦੇਹ ਨੂੰ ਵੀ
ਤੂੰ ਆਪਣੀ ਬੁੱਕਲੇ
ਬਿਠਾਇਆ ਹੈ
ਮੇਰੇ ਸੜਣ ਤੋਂ ਪਹਿਲਾਂ
ਤੂੰ ਆਪਣਾ ਆਪਾ
ਜਲਾਇਆ ਹੈ
ਮੇਰੀ ਦੁਆ ਹੈ
ਤੂੰ ਦੁੱਧੀਂ ਫੱਲੋਂ ਪੁੱਤੀਂ ਨਹਾਏਂ
ਤੇ ਫਿਰ ਹਰਿਆ ਭਰਿਆ
ਹੋ ਜਾਏਂ

-0-

ਉਸ ਬਜ਼ੁਰਗ ਨੇ
ਮੈਨੂੰ ਜਦੋਂ ਇਹ ਵਰ ਸੁਣਾਇਆ
ਉਸਦੀ ਰਾਖ਼ ਚੋਂ ਮੈਂ ਪੁੰਗਰ ਆਇਆ
ਉਹ ਬਜ਼ੁਰਗ ਅੱਜ ਵੀ
ਮੇਰਾ ਮੁੱਢ ਕਹਾਉਂਦਾ ਹੈ
ਹਰਿਆ ਰੁੱਖ ਸਦਾਉਂਦਾ ਹੈ

-----

## ਬਾਦਸ਼ਾਹ

ਉਹ ਆਪਣੇ ਸਿਰ ਤੇ
ਅੰਬਰ
ਪਲਕਾਂ ਤੇ ਧਰਤੀ
ਦੋਹਾਂ ਹੱਥਾਂ 'ਚ
ਸਮੁੰਦਰ ਪਹਾੜ ਜੰਗਲ
ਉੱਠਾਈ ਜਾ ਰਿਹਾ ਸੀ

-0-

ਉਸਦੇ ਪੈਰਾਂ ਹੇਠਾਂ
ਕੌਣ ਕਿਥੇਂ ਕਿਵੇਂ ਕੋਈ ਆ
ਰਿਹਾ ਸੀ ਮਰ ਰਿਹਾ ਸੀ
ਉਹ
ਇਹ ਨਹੀਂ ਸੀ ਜਾਣਦਾ
ਆਪਣੀ ਫ਼ਤਹਿ ਤੋਂ ਬਿਨਾਂ
ਉਹ
ਕਿਸੇ ਨੂੰ ਨਹੀਂ ਸੀ ਪਹਿਚਾਣਦਾ

-0-

ਉਸ ਦੀਆਂ ਅੱਖਾਂ 'ਚ
ਸੈਨਿਕ ਹਾਥੀ ਘੋੜੇ ਢਾਲਾਂ
ਤਲਵਾਰਾਂ ਮੈਦਾਨੇ ਜੰਗ
ਤੇ ਫ਼ਤਹਿ ਦਾ ਝੂਲਦਾ ਪ੍ਰਚਮ ਸੀ

ਉਸਦੇ ਮੱਥੇ ਤੇ
ਤਾਜ਼ ਸੀ ਤਖ਼ਤ ਸੀ
ਉਸਦੀ ਜ਼ੁਬਾਨ ਤੇ ਹੁਕਮ ਸੀ
ਉਸਦੀਆਂ ਮੁੱਠਾਂ 'ਚ
ਕਾਨੂੰਨ ਸੀ
ਜ਼ਰਾ ਬਕਤਰ ਦੀ ਬੁੱਕਲ
ਉਸਦਾ ਵਜ਼ੂਦ ਸੀ

-0-

ਉਹ
ਪਹਾੜਾਂ ਦੀਆਂ ਟੀਸੀਆਂ
ਤੇ ਪੈਰ ਧਰਦਾ
ਜੰਗਲਾਂ ਦੇ ਜੰਗਲ ਲਿਤਾੜਦਾ
ਸਾਗਰਾਂ ਦੇ ਘੁੱਟ ਭਰਦਾ
ਪੌਣਾਂ ਮੁੱਠਾਂ 'ਚ ਫੜਦਾ
ਸਮੇਂ ਦੇ ਘੋੜੇ ਤੇ ਸਵਾਰ ਸੀ
ਉਸਦੇ ਮੱਥੇ 'ਚ
ਸੂਰਜ ਦਾ ਤੇਜ਼ ਸੀ
ਉਸਦੇ ਹੱਥ 'ਚ ਫੜੀ
ਤਲ਼ਵਾਰ ਸੀ
ਉਮਰ ਦਾ
ਉਹ ਜਵਾਨ ਵਰੇਸ ਸੀ

ਦੁਨੀਆਂ ਦੇ ਸਭ ਤੋਂ
ਬੁੱਧੀਮਾਨ ਦਾ ਖ਼ਿਆਲ ਸੀ
ਦੁਨੀਆਂ
ਫ਼ਤਹਿ ਕਰਨ ਦਾ
ਉਸਦਾ ਵਿਚਾਰ ਸੀ
ਵਿਜੈ ਹੀ
ਉਸਦੀ ਹਸਤੀ ਸੀ
ਸ਼ਕਤੀ ਸੀ
ਵਿਜੈ ਹੀ
ਉਸਦਾ ਸਰੋਕਾਰ ਸੀ
ਉਹ ਆਪ ਆਪਣਾ ਰੱਬ
ਆਪ ਆਪਣਾ ਮੰਦਰ ਸੀ
ਯੂਨਾਨ ਦਾ ਵਾਸੀ ਸੀ
ਨਾਮ ਉਸਦਾ ਸਿਕੰਦਰ ਸੀ
ਉਸਦੇ ਪੈਰ ਹੇਠ
ਕੌਣ ਕਿੱਥੇ ਤੇ ਕਿਵੇਂ ਕੋਈ
ਆ ਰਿਹਾ ਸੀ ਮਰ ਰਿਹਾ ਸੀ
ਉਹ
ਇਹ ਨਹੀਂ ਸੀ ਜਾਣਦਾ
ਆਪਣੀ
ਫ਼ਤਹਿ ਤੋਂ ਬਿਨਾ
ਉਹ
ਕਿਸੇ ਨੂੰ ਨਹੀਂ ਸੀ ਪਹਿਚਾਣਦਾ

-0-

ਦੁਨੀਆਂ ਫ਼ਤਹਿ ਕਰਨ ਤੋਂ
ਪਿੱਛੋਂ
ਆਪਣੇ ਅੰਤਲੇ ਦਿਨਾਂ 'ਚ
ਉਸ ਜਾਣਿਆਂ
ਉਹ ਤਾਂ
ਦੁਨੀਆਂ ਦਾ ਸਭ ਤੋਂ ਵੱਡਾ
ਗਰੀਬ ਹੈ
ਜੋ ਸੱਚ ਸਮਝ ਨਾ ਸਕਿਆ
ਉਹ
ਉਹ ਬਦਨਸੀਬ ਹੈ
ਜਿਉਂਦੇ ਜੀਅ
ਜੋ ਦੁਨੀਆਂ ਦਾ ਵਾਲੀ ਸੀ
ਤੁਰਿਆ ਜਦੋਂ ਦੁਨੀਆਂ ਤੋਂ
ਤਾਂ ਦੋਵੇਂ ਹੱਥ ਖਾਲੀ ਸੀ

-0-

ਉਸਦੇ ਪੈਰ ਹੇਠ
ਕੌਣ ਕਿੱਥੇ ਤੇ ਕਿਵੇਂ
ਕੋਈ ਆ ਰਿਹਾ ਸੀ ਮਰ ਰਿਹਾ ਸੀ
ਉਹ ਨਹੀਂ ਸੀ ਜਾਣਦਾ
ਆਪਣੀ ਫ਼ਤਹਿ ਤੋਂ ਬਿਨਾਂ
ਕਿਸੇ ਨੂੰ ਨਹੀਂ ਸੀ ਪਹਿਚਾਣਦਾ

-----

## ਮਹਿਲਾਂ ਦਾ ਸ਼ੋਰ

ਉਹ
ਮਹਿਲ ਤਿਆਗ਼ ਕੇ
ਇਕ ਕੁੱਲ਼ੀ 'ਚ ਜਾ
ਵਸਿਆ
ਮਹਿਲਾਂ ਦੇ ਸੁੱਖਾਂ ਜਿਹੇ
ਸੁੱਖਾਂ ਦੀ ਲੜਾਈ
ਉਹ ਕੁੱਲੀ ਲਈ ਲੜਣਾ
ਚਾਹੁੰਦਾ ਸੀ
ਮਿੱਟੀ ਦੇ ਦੀਵੇ ਦੀ ਥਾਂ
ਕੁੱਲੀ 'ਚ ਸੂਰਜ ਧਰਨਾ
ਚਾਹੁੰਦਾ ਸੀ

-0-

ਤਨ ਢੱਕਣ ਲਈ
ਕੁੱਲੀ ਦਾ ਚੁੱਲ੍ਹਾ ਗਰਮ
ਕਰਨ ਲਈ
ਚੌਂਕੇ 'ਚ ਘੜੇ ਦੀ ਪਿਆਸ ਲਈ
ਕੁੰਨੀ ਦੀ ਭੁੱਖ ਲਈ
ਉਹ ਪੱਥਰ ਤੋੜਦਾ ਰਿਹਾ
ਇਕ ਮੰਜ਼ਿਲ ਤੋਂ

ਦਸਵੀਂ ਮੰਜ਼ਿਲ ਤੱਕ
ਇੱਟਾਂ ਢੋਹਦਾ ਰਿਹਾ
ਪੱਥਰ ਜ਼ਮੀਂ ਦਾ ਸੀਨਾ
ਚੀਰ ਕੇ
ਉਹ ਅੰਨ੍ਹ ਬੋਹਦਾ ਰਿਹਾ
ਸੁਬ੍ਹਾ ਤੋਂ ਸ਼ਾਮ ਤੱਕ
ਆਪਣੀ ਊਰਜਾ ਵੇਚਦਾ
ਜਦ ਸ਼ਾਮ ਨੂੰ
ਘਰ ਪਰਤਦਾ
ਨਾ ਉਸ ਦਾ ਚੁੱਲ੍ਹਾ ਹੀ ਮੱਘਦਾ
ਨਾ ਉਸਦੀ ਕੁੰਨੀ ਦੀ ਭੁੱਖ ਹੀ
ਮਿੱਟਦੀ
ਨਾ ਘੜੇ ਦੀ ਪਿਆਸ ਹੀ
ਬੁੱਝਦੀ
ਉਹ ਅੱਧਾ ਰੱਜਿਆ
ਅੱਧਾ ਭੁੱਖਾ
ਆਪਣੇ ਪੇਟ ਤੇ ਹੱਥ ਰੱਖ ਕੇ
ਸੌਂ ਜਾਂਦਾ

-0-

ਕੁੱਲੀ ਦੇ ਨਿੱਘ ਲਈ
ਪੇਟ ਦੀ ਭੁੱਖ ਲਈ
ਉਹ ਮੁਸ਼ੱਕਤ ਦੇ ਪੁੜਾਂ 'ਚ
ਇੱਜ ਪਿੱਸ ਗਿਆ

ਕਿ ਉਹ
ਆਪਣਾ ਆਪ ਚੁੱਟਕੀ 'ਚ
ਫੜ ਲੈਂਦਾ
ਸਿਰ ਤੋਂ ਪੈਰਾਂ ਤੱਕ
ਪੈਰਾਂ 'ਚ ਸਿਮਟ ਜਾਂਦਾ

-0-

ਮਹਿਲਾਂ ਜਿਹੇ ਸੁੱਖ ਦੀ
ਲੜਾਈ
ਕੁੱਲੀ ਲਈ ਲੜਣ ਲਈ
ਦੀਵੇ ਦੀ ਥਾਂ ਕੁੱਲੀ 'ਚ
ਸੂਰਜ ਧਰਨ ਲਈ
ਉਹ ਪਾਣੀ ਤੋਂ ਪਤਲਾ
ਹੋ ਗਿਆ
ਆਪਣੇ ਅੰਗਾਂ ਤੇ ਨਕਸ਼ਾਂ 'ਚ
ਤਿੜਕ ਗਿਆ
ਭਰ ਗਿਆ ਖੁਰ ਗਿਆ
ਪਿੱਘਲ ਗਿਆ
ਨਾ ਮਹਿਲਾਂ 'ਚ ਪਰਤਣ ਲਈ
ਆਪਣੇ ਅੰਗ ਆਪਣੇ ਨਕਸ਼
ਹੀ ਇਕੱਠੇ ਕਰ ਸਕਿਆ
ਨਾ ਕੁੱਲੀ ਦੇ ਚੁੱਲ੍ਹੇ 'ਚ ਬਲਣ ਲਈ
ਅੱਗ ਹੀ ਧਰ ਸਕਿਆ
ਉਸ ਤੋਂ ਨਾ ਕੁੱਲੀ ਦੀ ਭੁੱਖ

ਮਿੱਟੀ
ਨਾ ਘੜੇ ਦੀ ਪਿਆਸ ਹੀ
ਉਸਦੀ ਆਸ
ਦਰਵਾਜ਼ੇ ਤੇ ਦਸਤਕ
ਦਿੰਦੀ ਰਹੀ
ਖੁੱਲ੍ਹਿਆ ਨਾ ਉਸ ਲਈ
ਸੁੱਖਾਂ ਦਾ ਦੁਆਰ
ਦਰ ਤੇ ਖੜ੍ਹੇ ਦਾ ਖੜ੍ਹਾ
ਉਹ ਢੇਰੀ ਹੋ ਗਿਆ
ਮਹਿਲਾਂ ਦਾ ਸ਼ੋਰ ਸੀ
ਕੁੱਲੀ ਦੀ ਚੁੱਪ 'ਚ ਖੋਹ ਗਿਆ

-----

## ਵਾਪਸੀ

ਉਹ ਸ਼ਹਿਰ 'ਚ ਜਨਮਿਆ
ਸ਼ਹਿਰ ਦੀਆਂ ਗਲੀਆਂ 'ਚ
ਖੇਡਿਆ ਮੱਲਿਆ ਤੇ ਜਵਾਨ
ਹੋਇਆ

-0-

ਸ਼ਹਿਰ ਦੀਆਂ ਸੜਕਾਂ
ਉਸਨੂੰ
ਉਸਦੇ ਪੈਰਾਂ ਦੀ ਆਹਟ ਤੋਂ
ਪਛਾਣਦੀਆਂ
ਸ਼ਹਿਰ ਦੀਆਂ ਗਲੀਆਂ
ਮੁਹੱਲੇ ਤੇ ਘਰ
ਉਸਨੂੰ
ਉਸਦੀ ਅਵਾਜ਼ ਤੋਂ
ਸਿਆਣਦੇ
ਸ਼ਹਿਰ ਦੇ ਬਜ਼ਾਰ
ਉਸਦੀ ਸ਼ਨਾਖ਼ਤ
ਉਸਦੀ ਖ਼ੁਸ਼ਬੂ ਤੋਂ ਕਰਦੇ
ਸ਼ਹਿਰ ਦੇ ਲੋਕ
ਉਸਨੂੰ ਆਪਣੀਆਂ ਪਲਕਾਂ
ਤੇ ਬਿਠਾਉਂਦੇ

ਉਸਦੀ ਜ਼ੁਬਾਨ ਬੋਲਦੇ
ਉਸਦੀ ਆਮਦ ਤੇ
ਦਿਲਾਂ ਦੇ ਦਰਵਾਜ਼ੇ ਖੋਲ੍ਹਦੇ

-0-

ਉਹ ਜਵਾਨ ਹੋਇਆ
ਤਾਂ ਰੁਜ਼ਗਾਰ ਲਈ
ਪ੍ਰਦੇਸ਼ ਜਾ ਵਸਿਆ
ਕਈ ਵਰ੍ਹੇ ਸ਼ਹਿਰ 'ਚ
ਵਾਪਸ ਨਾ ਪਰਤਿਆ

-0-

ਜਦ
ਉਹ ਸ਼ਹਿਰ ਵਾਂਪਸ ਆਇਆ
ਸ਼ਹਿਰ ਦੇ ਲੋਕ
ਉਹ ਨਹੀਂ ਸਨ
ਗਲੀਆਂ ਮੁਹੱਲੇ ਘਰ
ਸੜਕਾਂ ਬਜ਼ਾਰ
ਉਹ ਨਹੀਂ ਸਨ
ਜੋ ਉਸਨੂੰ
ਆਪਣੇ ਸਾਹਾਂ 'ਚ ਜਿਉਂਦੇ ਸੀ
ਉਨ੍ਹਾਂ
ਉਸਨੂੰ ਨਾ ਪਹਿਚਾਣਿਆਂ

-0-

ਉਸਨੇ ਸੜਕਾਂ ਨੂੰ ਗਲ

ਨਾਲ ਲਾਇਆ
ਬਜ਼ਾਰਾਂ ਨੂੰ ਗਲਵੱਕੜੀਆਂ 'ਚ
ਲਿਆ
ਪਰ ਉਸਨੂੰ
ਕਿਸੇ ਨਾ ਸਿਆਣਿਆ
ਉਸਦੇ ਦਸਤਕ ਦੇਣ ਤੇ ਵੀ
ਲੋਕਾਂ ਦਿਲ ਦੇ ਦਰਵਾਜ਼ੇ
ਤਾਂ ਕੀ
ਘਰਾਂ ਦੇ ਦਰ ਵੀ ਨਾ ਖੋਲ੍ਹੇ

-0-

ਉਸਦੇ
ਲਹੂ ਦੇ ਸਭ ਰਿਸ਼ਤੇ
ਬਦਲ ਗਏ ਸਨ
ਉਹ ਲੋਕਾਂ ਲਈ ਓਪਰਾ
ਤੇ ਪਰਾਇਆ ਹੋ ਗਿਆ ਸੀ
ਲੋਕ ਉਸਨੂੰ
ਅਜ਼ਨਬੀਆਂ ਵਾਂਗ ਝਾਕਦੇ
ਜਿਨ੍ਹਾਂ ਗਲੀਆਂ 'ਚ
ਉਹ ਜਵਾਨ ਹੋਇਆ ਸੀ
ਜਿਨ੍ਹਾਂ ਬਜ਼ਾਰਾਂ ਸੜਕਾਂ ਤੇ
ਉਸ ਆਪਣੀ ਉਮਰ ਗੁਜ਼ਾਰੀ ਸੀ
ਉਹ
ਉਸਦੇ ਕੁੱਝ ਨਹੀਂ ਸਨ ਲੱਗਦੇ

-0-

ਉਸ ਸੋਚਿਆ
ਇਹ ਸਭ ਕਿਉਂ ਹੈ
ਉਸਦੇ ਪਿਛਵਾੜਿਓਂ ਸਮਾਂ
ਉੱਠਿਆ ਤੇ ਬੋਲਿਆ
ਇਹ ਸ਼ਹਿਰ
ਇਹ ਲੋਕ ਇਹ ਗਲੀਆਂ
ਸੜਕਾਂ ਬਜ਼ਾਰ
ਸਭ ਸਮੇਂ ਨਾਲ ਬਦਲ
ਗਏ ਹਨ
ਸ਼ਹਿਰ ਦੇ ਵਜ਼ੂਦ ਚੋਂ
ਇਕ ਨਵਾਂ ਸ਼ਹਿਰ ਨਵੀਆਂ
ਸੜਕਾਂ ਗਲੀਆਂ ਤੇ ਬਜ਼ਾਰ
ਉੱਗ ਆਏ ਹਨ

-0-

ਲੋਕਾਂ ਦੀ ਨਸਲ
ਜੋ ਤੂੰ ਬਚਪਣ 'ਚ ਵੇਖੀ ਸੀ
ਤੇਰੇ ਪਰਤਣ ਤੱਕ
ਜਵਾਨ ਹੋ ਗਈ ਹੈ
ਸ਼ਹਿਰ ਤੇ ਲੋਕਾਂ ਦੀ ਨੁਹਾਰ
ਬਦਲ ਗਈ ਹੈ
ਰਿਸ਼ਤੇ ਨਾਤੇ ਤੇ ਮੋਹ ਮੁਹੱਬਤ
ਸਭ ਸਮੇਂ ਦੀ ਤਬਦੀਲੀ ਦਾ ਰੂਪ ਹਨ

-0-

ਜੋ ਸ਼ਹਿਰ ਤੇ ਲੋਕ
ਉਹ ਪਿੱਛੇ ਛੱਡ ਗਿਆ ਸੀ
ਅੱਜ ਉਨ੍ਹਾਂ ਦਾ ਬਦਲਿਆ
ਸਰੂਪ ਸੀ
ਸਮੇਂ ਨੇ
ਸਮੇਂ ਦਾ ਸ਼ੀਸ਼ਾ
ਉਸਦੇ ਸਾਵੇਂ ਰੱਖ ਦਿੱਤਾ
ਉਸਨੇ
ਆਪਣਾ ਚਿਹਰਾ ਵੇਖਿਆ
ਉਸਦੇ ਚਿਹਰੇ ਤੇ
ਕਾਲਿਆਂ ਬਾਗਾਂ ਦੀ ਮਹਿੰਦੀ
ਦੇ ਰੁੱਖਾਂ ਦਾ ਜੰਗਲ
ਚਿੱਟੀਆਂ ਕਪਾਹ ਦੀਆਂ
ਫੁੱਟੀਆਂ ਵਾਂਗ ਖਿੜਿਆ ਸੀ
ਉਸਦੀ ਜਵਾਨੀ-ਚੋਂ
ਬੁੱਢਾਪਾ ਉੱਗ ਆਇਆ ਸੀ
ਜੋ
ਉਸਦੇ ਚਿਹਰੇ ਤੇ ਛਾਇਆ ਸੀ
ਉਹ ਜੋ ਸ਼ਹਿਰ ਭਾਲਦਾ ਸੀ
ਉਸਦੀ ਜਵਾਨੀ ਵਾਂਗ ਹੀ
ਗੁਆਚਾ ਸੀ
ਅੱਜ ਦੇ ਸ਼ਹਿਰ ਦਾ ਚਿਹਰਾ

ਉਹਦੇ ਲਈ
ਅਣਪਛਾਤਾ ਸੀ
ਉਸਦਾ ਚਿਹਰਾ
ਸ਼ਹਿਰ ਲਈ ਅਣਪਛਾਤਾ ਸੀ

-0-

ਨਾ ਬੀਤੇ 'ਚ
ਉਸਨੇ ਸ਼ਹਿਰ ਦਾ ਅੱਜ
ਤੱਕਿਆ ਸੀ
ਨਾ ਬੀਤੇ 'ਚ
ਸ਼ਹਿਰ ਨੇ ਉਸ ਦਾ ਅੱਜ
ਤੱਕਿਆ ਸੀ

-0-

ਸਮਾਂ ਬੋਲਿਆ
ਸ਼ਾਇਦ ਤੂੰ ਭੁੱਲ ਗਿਆਂ ਹੈਂ
ਮੈਂ ਤੈਨੂੰ
ਜਾਣ ਲੱਗਿਆਂ ਕਿਹਾ ਸੀ
ਜਿੱਥੇ ਜਾਏਂਗਾ
ਉੱਥੇ ਹੀ ਆਪਣਾ
ਸ਼ਹਿਰ ਵਸਾ ਲਵੀਂ
ਮੁੜ ਕੇ ਨਾ ਵੇਖੀਂ
ਪਿੱਛੇ ਮੁੜਦਿਆਂ ਲਈ
ਸਿਰਫ਼ ਸੁਫ਼ਨੇ
ਸਿਰਫ਼ ਯਾਦਾਂ ਨੇ

-0-

ਇਹ ਲੋਕ
ਇਨ੍ਹਾਂ ਦਾ ਪਿਆਰ ਮੁਹੱਬਤ
ਰਿਸ਼ਤੇ ਨਾਤੇ
ਸਭ ਸਮੇਂ ਸਮੇਂ ਦੀਆਂ
ਬਾਤਾਂ ਨੇ
ਬਾਤਾਂ ਤਾਂ ਕੱਚ ਹੁੰਦੀਆਂ ਨੇ
ਬਾਤਾਂ ਕਦ ਸੱਚ ਹੁੰਦੀਆਂ ਨੇ
ਸਮੇਂ ਦੇ ਨੈਣ ਨਕਸ਼ ਅੰਗ ਤੇ
ਚਿਹਰਾ
ਕਦ ਇਕ ਰਹਿੰਦੇ ਨੇ
ਇੰਹ ਬਦਲਦੇ ਮੌਸਮ ਨੇ
ਸਦਾ ਬਦਲਦੇ ਰਹਿੰਦੇ ਨੇ

-----

## ਮੁਸਾਫ਼ਿਰ

ਨਜ਼ਰ 'ਚ ਆਸਮਾਂ
ਪੈਰਾਂ 'ਚ ਸਫ਼ਰ ਸੀ ਮੇਰੇ
ਦੂਰ ਇਕ ਅਰਥ ਸੀ
ਦਿੱਸਦਾ
ਰਾਹਾਂ 'ਚ ਖਿਲਰੇ ਹਰਫ਼ ਸੀ
ਮੇਰੇ
ਇਕ ਸਾਗਰ ਸੀ
ਦਿਸਹੱਦੇ ਤਕ ਫੈਲਿਆ
ਆਪਣੇ ਹੀ ਅੰਗਾਂ ਤੇ ਨਕਸ਼ਾਂ
ਜੋ ਤਰਨਾ ਸੀ
ਚੀਰ ਕੇ ਭੀੜ ਹਰਫ਼ਾਂ ਦੀ
ਉਸ
ਅਰਥ ਦੇ ਸੱਚ 'ਚ ਉਤਰਨਾ
ਸੀ

-0-

ਲੱਖਾਂ ਤੂਫ਼ਾਨ ਹਨ੍ਹੇਰੀਆਂ
ਜੰਗਲ ਪਹਾੜ ਸਹਿਰਾ
ਰਾਹ 'ਚ ਸਨ ਖੜ੍ਹੇ
ਇਮਤਿਹਾਨ ਸੀ
ਜ਼ਿੰਦਗੀ
ਮੌਤ ਦੇ ਦਰ ਚੋਂ ਗੁਜ਼ਰਨਾ ਸੀ

-0-

ਕਾਫ਼ਲਾ ਲੁੱਟਿਆ ਨਾ ਜਾਏ
ਰਾਹ 'ਚ ਸਾਹਾਂ ਦਾ
ਜੋਤ ਮੱਥੇ ਦੀ
ਇਸ ਡਰ ਤੋਂ ਜਗਦੀ ਰਹੀ
ਉਠੇ ਕਈ ਝੱਖੜ
ਪਰ ਪੈਰ ਨਾ ਰੁਕੇ
ਸ਼ਮਾਂ ਮੰਜ਼ਿਲ ਦੀ
ਇਸ ਦਿਲ 'ਚ ਜਗਦੀ ਰਹੀ

-0-

ਆਖ਼ਿਰ
ਜੀਵਨ ਸੱਚ ਦਾ ਮੁਕਾਮ
ਆ ਗਿਆ
ਹੌਂਸਲਾ ਛੱਡਿਆ ਨਾ
ਬੁੱਝਦੇ ਚਿਰਾਗ਼ ਨੇ
ਬੁੱਝਦਾ ਬੁੱਝਦਾ
ਦਰ ਸੂਰਜਾਂ ਦੇ ਆ ਗਿਆ
ਅਰਥ
ਜ਼ਿੰਦਗੀ ਦਾ ਸੀ
ਜਿਸਨੂੰ ਉੱਡੀਕਦਾ
ਮਾਰ ਕੇ ਮੰਜ਼ਿਲਾਂ ਮੁਸਾਫ਼ਰ
ਉਹ ਆ ਗਿਆ

-----

## ਆਇਨਾ

ਉਸਨੇ
ਦਰਪਣ ਚੋਂ
ਆਪਣਾ ਚਿਹਰਾ ਤੱਕਿਆ
ਉਸ ਨੂੰ ਲੱਗਿਆ
ਦਰਪਣ ਦੀ ਸਮੱਗਰੀ
ਦਾ ਵਜੂਦ
ਉਸ ਕਰਕੇ ਹੈ
ਜੇ ਉਹ ਨਹੀਂ
ਤਾਂ ਦਰਪਣ ਨਹੀਂ
ਜੇ ਉਹ ਹੈ ਤਾਂ ਉਹ ਹੈ
ਉਹ ਜੋ ਨਹੀਂ

-0-

ਦਰਪਣ 'ਚ
ਜੰਗਲ ਸਨ ਸਾਗਰ ਸਨ
ਦਰਿਆ ਸਨ ਪਹਾੜ ਸਨ
ਮੌਸਮ ਸਨ ਰੁੱਤਾਂ ਸਨ
ਉਜਾੜਾਂ ਸਨ
ਵੀਰਾਨੀ ਸੀ ਇਕੱਲਤਾ ਸੀ
ਚੁੱਪ ਸੀ ਗੁਲਜ਼ਾਰਾਂ ਸਨ

-0-

ਹਰ ਰੁੱਖ ਹਰ ਬੂੰਦ ਹਰ ਜ਼ਰਾ
ਹਰ ਰੰਗ ਹਰ ਖ਼ੁਸ਼ਬੂ
ਉਸ 'ਚ ਮੌਜੂਦ ਹੈ
ਸਾਰੀ ਕਾਇਨਾਤ ਦਾ ਦਰਪਣ
ਵਜ਼ੂਦ ਹੈ

–0–

ਜੇ ਚਿਹਰਾ ਨਹੀਂ
ਤਾਂ ਕੁੱਝ ਨਹੀਂ
ਨਾ ਜੁਸਤਜੂ ਨਾ ਖ਼ਿਆਲ ਹੈ
ਨਾ ਸ਼ਬਨਮ ਨਾ ਚੰਦ
ਨਾ ਚਾਂਦਨੀ ਦਾ ਸ਼ਬਾਬ ਹੈ
ਸੂਰਜ ਸਿਤਾਰੇ ਅਕਾਸ਼
ਧਰਤੀ
ਸਭ ਉਸਦੀ ਹੋਂਦ ਸਦਕਾ ਹਨ

–0–

ਦਰਪਣ 'ਚ ਲੋਕ ਹਨ
ਲੋਕਾਂ ਦੀ ਭੀੜ ਹੈ ਚੇਤਨਾ ਹੈ
ਤਰਕ ਹੈ ਬੋਧ ਹੈ ਦਲੀਲ ਹੈ
ਰਿਸ਼ਤਿਆਂ ਦੇ ਜਾਲ 'ਚ
ਬਝੇ ਸ਼ਬਦ ਹਨ ਅਰਥ ਹਨ

ਦੁਸ਼ਮਣ ਹਨ ਮਿੱਤਰ ਹਨ
ਮਨੁੱਖ ਦੇ ਕਈ ਚਿਹਰੇ ਹਨ
ਕਈ ਚਰਿੱਤਰ ਹਨ

-0-

ਜਲ ਦੀ ਦੁਨੀਆਂ ਹੈ
ਜੰਗਲ ਦੀ ਦੁਨੀਆਂ ਹੈ
ਪਹਾੜ ਦੀ ਦੁਨੀਆਂ ਹੈ
ਦੁਨੀਆਂ ਦੀ ਦੁਨੀਆਂ ਹੈ
ਜੋ ਵੀ ਹੈ ਚਿਹਰੇ 'ਚ ਮੌਜੂਦ ਹੈ
ਚਿਹਰਾ ਹੀ
ਦਰਪਣ ਦੇ ਅੰਕੁਰ ਦਾ ਵਜੂਦ ਹੈ

-0-

ਚਿਹਰਾ ਹੈ
ਤਾਂ ਖ਼ੁਦਾ ਹੈ
ਚਿਹਰੇ ਦਾ ਦਰ ਹੀ
ਖ਼ੁਦਾ ਦਾ ਰਾਹ ਹੈ
ਮੰਦਰ ਮਸਜਿਦ
ਠਾਕੁਰ ਦੁਆਰੇ
ਉਸਦੀ ਨਿਗ੍ਹਾ ਹੈ
ਜੋ ਉਸਦੀ ਨਿਹਮਤ
ਰਹਿਮਤ ਦੀ ਜਗ੍ਹਾ ਹੈ

ਦਰਪਣ

ਉਸ ਚਿਹਰੇ ਦਾ ਸੱਚ ਪਾ ਕੇ
ਚਿਹਰੇ ਨੂੰ ਅਰਪਣ ਹੋ ਗਿਆ
ਦਰਪਣ ਚਿਹਰਾ
ਚਿਹਰਾ ਦਰਪਣ ਹੋ ਗਿਆ

-0-

ਉਸਨੇ ਦਰਪਣ ਚੋਂ
ਆਪਣਾ ਚਿਹਰਾ ਤੱਕਿਆ
ਉਸਨੂੰ ਲੱਗਿਆ
ਦਰਪਣ ਦੀ ਸਮੱਗਰੀ ਦਾ ਵਜ਼ੂਦ
ਉਸ ਕਰਕੇ ਹੈ
ਜੇ ਉਹ ਨਹੀਂ ਤਾਂ ਦਰਪਣ ਨਹੀਂ
ਜੇ ਉਹ ਹੈ ਤਾਂ ਉਹ ਹੈ
ਉਹ ਜੋ ਨਹੀਂ .

-----

# ਉਹ ਕੋਲ ਸੀ

ਜਦ ਉਹ ਕੋਲ ਸੀ
ਤਾਂ ਸੂਰਜ ਚੰਨ ਸਿਤਾਰੇ
ਨਿਗ੍ਹਾ 'ਚ ਸਨ
ਸਾਰੀ ਕਾਇਨਾਤ ਬਾਹਾਂ 'ਚ ਸੀ
ਸਾਰੀ
ਦੁਨੀਆਂ ਵਸਦੀ ਸਾਹਾਂ 'ਚ ਸੀਂ

-0-

ਮੌਸਮ ਬਹਾਰਾਂ ਰੁੱਤਾਂ
ਫੁੱਲ ਕਲੀਆਂ ਮਹਿਕਾਂ
ਮੈਂ ਆਪ ਸਾਂ
ਬਜ਼ਾਰਾਂ ਦੀ ਰੌਣਕ
ਸੜਕਾਂ ਚੌਕਾਂ ਚੌਰਾਹਿਆਂ 'ਚ
ਮੈਂ ਹੀ ਬਿਰਾਜ਼ਮਾਨ ਸਾਂ
ਜੰਗਲ ਦੀ ਹਰਿਆਵਲ
ਸਾਗਰ ਦੀ ਨੀਲਤ਼ਾ
ਪਹਾੜਾਂ ਦੀ ਉੱਚਾਈ
ਦਰਿਆਵਾਂ ਨਦੀਆਂ ਦਾ ਵੇਗ਼
ਮੈਂ ਆਪ ਸਾਂ

-0-

ਝਰਨੇ ਦਾ ਗਿਰਨਾ
ਚਸ਼ਮੇ ਦਾ ਫੁੱਟਣਾ
ਬੱਦਲਾਂ ਦਾ ਬਰਸਣਾ
ਮੈਂ ਆਪ ਸਾਂ

-0-

ਚਿਹਰਿਆਂ ਦੀ ਭੀੜ
ਮੇਰੇ ਚਿਹਰੇ 'ਚ ਸੀ
ਪੈਰਾਂ ਦੇ ਕਾਫ਼ਲੇ ਪੈਰਾਂ 'ਚ ਸਨ
ਨਜ਼ਰਾਂ ਦੇ ਹਾਜ਼ੂਮ
ਮੇਰੀਆਂ ਨਜ਼ਰਾਂ 'ਚ ਸਨ
ਹੱਥਾਂ ਦੇ ਹੱਥ ਮੇਰਿਆਂ
ਹੱਥਾਂ 'ਚ ਸਨ
ਸਿਰਾਂ ਦੇ ਸਿਰ ਮੇਰੇ
ਸਿਰ 'ਚ ਸਨ
ਸ਼ਬਦਾਂ ਦਾ ਸ਼ਬਦ
ਮੇਰੀ ਜ਼ੁਬਾਂਨ ਤੇ ਸੀ
ਅਕਾਸ਼ ਪਤਾਲ ਬ੍ਰਹਿਮੰਡ
ਧਰਤੀਆਂ ਖ਼ਲਾਅ ਸਭ
ਮੇਰਾ ਵਜ਼ੂਦ ਸੀ
ਮੈਂ ਤੋਂ ਤੂੰ ਤਕ ਦਾ ਪਸਾਰ
ਮੇਰੇ 'ਚ ਸੀ

0–

ਉਹ ਜਦ ਕੋਲ ਨਹੀਂ ਸੀ
ਮੇਰੇ ਵਜ਼ੂਦ ਚੋਂ ਸਭ ਕੁੱਝ
ਨੁਚੜ ਗਿਆ
ਇਕ ਕਲਬੂਤ ਲਟਕਦਾ ਹਵਾ
'ਚ ਰਹਿ ਗਿਆ
ਕਬਰਾਂ ਦੀ ਚੁੱਪ ਦੁਆਲੇ ਫੈਲ ਗਈ

ਜ਼ਿੰਦਗੀ ਦੀ ਨਜ਼ਰ 'ਚ
ਮੌਤ ਤੈਰ ਗਈ
ਹਵਾ ਠਹਿਰ ਗਈ
ਅੱਗਣ ਤੇਜ਼ਹੀਣ ਹੋ ਗਈ
ਜਲ ਦੇ ਪਿੰਡੇ ਚੋਂ ਸਹਿਰਾ
ਜਨਮਿਆਂ
ਅੰਬਰ ਦਾ ਚਿਹਰਾ
ਤਿੜਕਿਆ
ਧਰਤੀ ਪੋਟਾਂ ਪੋਟਾ ਹੋ
ਤਕਸੀਮੀਂ ਗਈ

-0-

ਉਹ ਕੋਲ ਸੀ
ਤਾਂ ਸੁਭ ਕੁੱਝ ਕੋਲ ਸੀ
ਸੂਰਜ ਚੰਨ ਸਿਤਾਰੇ
ਨਿਗ੍ਹਾ 'ਚ ਸਨ
ਸਾਰੀ ਕਾਇਨਾਤ ਸਾਹਾਂ 'ਚ ਸੀ

-----

## ਪੱਥਰ

ਉਸ ਬੁੱਤ ਤਰਾਸ਼ ਨੇ
ਇਕ ਪੱਥਰ ਤਰਾਸ਼ਿਆ
ਇਕ ਸੁੰਦਰ ਮੂਰਤੀ
ਦੇ ਅੰਗਾਂ ਨਕਸ਼ਾਂ ਦਾ
ਵਜ਼ੂਦ ਘੜਿਆ
ਪੱਥਰ ਚੋਂ ਸਿਰਜੇ ਬੁੱਤ ਨੂੰ
ਮੰਦਰ 'ਚ ਧਰ ਦਿੱਤਾ
ਖ਼ੁਦਾ ਦਾ ਨਾਂ
ਉਸ ਬੁੱਤ ਨੂੰ ਅਰਪਣ
ਕਰ ਦਿੱਤਾ

-0-

ਇਕ
ਦਿਨ
ਉਹ ਬੁੱਤ ਤਰਾਸ਼
ਮੰਦਰ 'ਚ ਆਇਆ
ਆਪਣੀ ਸਿਰਜਣਾ ਨੂੰ
ਵੇਖ ਕੇ
ਉਹ ਬੜਾ ਮੁਸਕਰਾਇਆ
ਤੇ ਬਲਿਆ
ਕੀ ਹਾਲ ਹੈ ਤੇਰਾ

-0-

ਬੁੱਤ ਬੋਲਿਆ
ਤੂੰ ਕੌਣ ਹੈਂ ਕੀ ਹੈਂ
ਮੈਂ ਜਾਣਦਾ ਨਹੀਂ
ਮੈਂ ਤੈਨੂੰ ਪਹਿਚਾਣਦਾ ਨਹੀਂ
ਉਸ ਬੁੱਤ ਤਰਾਸ਼ ਨੇ
ਇਕ ਪੱਥਰ ਬੁੱਤ ਦੇ ਪੈਰਾਂ
'ਚ ਧਰਿਆ
ਤੇ ਚੁੱਪ ਚਾਪ ਵਾਪਸ
ਮੁੜ ਗਿਆ

------

## ਸੰਪਰਕ ਸੰਬੰਧ

ਜਦ ਸ਼ਬਦ ਹੀ
ਸ਼ਬਦਾਂ ਨੂੰ ਸੁਣਦੇ ਨਹੀਂ
ਤਾਂ ਅਰਥਾਂ ਦਾ ਕੀ ਬਣੇਗਾ
ਜਦ ਰੁੱਖ ਹੀ
ਰੁੱਖਾਂ ਨੂੰ ਮਿਲਦੇ ਨਹੀਂ
ਤਾਂ ਜੰਗਲ ਦਾ ਕੀ ਬਣੇਗਾ
ਜਦ ਬੂੰਦਾਂ ਹੀ
ਬੂੰਦਾਂ 'ਚ ਘੁਲਦੀਆਂ ਨਹੀਂ
ਤਾਂ ਸਾਗਰ ਦਾ ਕੀ ਬਣੇਗਾ

-0-

ਜਦ ਅਰਥ ਜੰਗ਼ਲ
ਸਾਗਰ ਹੀ ਪਿਘਲਦੇ ਨਹੀਂ
ਤਾਂ ਸ਼ਬਦਾਂ ਰੁੱਖਾਂ ਬੂੰਦਾਂ ਦਾ
ਕੀ ਬਣੇਗਾ

-0-

ਦੋਹ਼ਾਂ ਵਿਚਕਾਰ
ਸ਼ਬਦਾਂ ਦੀ ਆਪਣੀ
ਅਰਥਾਂ ਦੀ ਆਪਣੀ
ਰੁੱਖਾਂ ਦੀ ਆਪਣੀ
ਜੰਗਲ ਦੀ ਆਪਣੀ
ਬੂੰਦਾਂ ਦੀ ਆਪਣੀ
ਸਾਗਰ ਦੀ ਆਪਣੀ

ਦੀਵਾਰ ਉੱਗ ਆਏਗੀ
ਜੋ ਕਬਰਾਂ ਦੀ ਚੁੱਪ ਸਿਰਜੇਗੀ
ਸ਼ਮਸ਼ਾਨ ਕਹਾਏਗੀ

-0-

ਫਿਰ ਸ਼ਬਦਾਂ ਅਰਥਾਂ
ਰੁੱਖਾਂ ਜੰਗਲਾਂ
ਬੂੰਦਾਂ ਸਾਗਰਾਂ ਦੀਆਂ ਲਾਸ਼ਾਂ ਨੂੰ
ਜੀਵਨ ਦੀ ਸਮਝ ਆਏਗੀ
ਗੁਜ਼ਰ ਚੁੱਕੇ ਜੀਵਨ ਨੂੰ
ਵਾਪਸ ਬੁਲਾਏਗੀ
ਪਛਤਾਏਗੀ
ਬੀਤਿਆ ਸਮਾਂ
ਕਦੀ ਵਾਪਸ ਨਹੀਂ ਮੁੜਦਾ
ਤਿੜਕਿਆ ਸ਼ੀਸ਼ਾ
ਕਦੀ ਨਹੀਂ ਜੁੜਦਾ

-----

## ਨੌ ਨਿੱਕੀਆਂ ਕਵਿਤਾਵਾਂ

ਇਕ

ਉਸਨੇ ਵੇਖਿਆ
ਦਿਸਹੱਦੇ ਤੇ ਅੰਬਰ
ਤੇ ਧਰਤੀ ਦਾ ਮਿਲਣ ਹੈ
ਪੰਛੀ ਨੇ ਪ੍ਰਵਾਜ਼ ਭਰਿਆ
ਦਿਸਹੱਦੇ ਤੇ ਆ ਗਿਆ
ਵੇਖਿਆ
ਉਹ ਮਿਲਣ ਨਹੀਂ
ਦਿਸਹੱਦੇ ਚੋਂ ਜਨਮਦਾ
ਇਕ ਹੋਰ ਦਿਸਹੱਦਾ ਹੈ
ਨਜ਼ਰ ਦੇ ਭਰਮ ਦਾ
ਸਿਲਸਿਲਾ ਹੈ

-0-

ਦੋ

ਮੇਰੇ ਖੰਡਰ 'ਚ
ਜੇ ਕਦੀ ਆਵੇਂਗਾ ਤੂੰ
ਮੈਂ ਤੇਨੂੰ ਵਿਖਾਵ੍ਹਾਂਗਾ
ਮੇਰੇ 'ਚ ਵੀ
ਕਦੀ ਇਕ ਸ਼ਹਿਰ ਵਸਦਾ ਸੀ

-0-

ਤਿੰਨ

ਉਹ ਤੁਰ ਕੇ
ਆਪਣੇ ਆਪ ਤੋਂ
ਜਦ ਤੇਰੇ ਦਰ ਤੇ ਆਇਆ
ਉਸਨੇ
ਆਪਣੇ ਆਪ ਨੂੰ ਹੀ
ਤੇਰੇ ਘਰ 'ਚ ਬੈਠਿਆਂ ਪਾਇਆ

-0-

ਚਾਰ

ਉਹ
ਇਕ ਪੱਥਰ ਦੇ ਠਾਕੁਰ ਸੰਗ
ਸਿਰ ਟਕਰਾ ਟਕਰਾ ਕੇ
ਮਰ ਗਿਆ
ਆਪ ਤੇ ਮੌਤ ਦੀ ਬੁੱਕਲ
'ਚ ਜਾ ਬੈਠਾ
ਪਰ ਪੱਥਰ ਦੇ ਰੱਬ ਦਾ
ਸੱਚ ਨੰਗਾ ਕਰ ਗਿਆ

-0-

ਪੰਜ

ਇਕ ਚੁੱਪ ਦਾ ਚਿਰਾਗ਼ ਸੀ
ਸ਼ੋਰ ਦੀ ਸੂਲੀ ਤੇ ਲਟਕਦਾ
ਇਕ ਸ਼ੋਰ ਦਾ ਵਜ਼ੂਦ ਸੀ
ਚੁੱਪ ਦੀ ਕੁੱਖ ਲਈ ਭਟਕਦਾ
ਸੂਲੀ ਤ਼ੇ ਲਟਕ਼ਦਾ ਚਿਹਰਾ
ਜੀਵਨ ਦੀ ਅਖ਼ੀਰ ਸੀ
ਕੁੱਖ ਲਈ ਭਟਕਦਾ ਚਿਹਰਾ
ਜ਼ਿੰਦਗੀ ਦੀ ਤ਼ਾਬੀਰ ਸੀ

-0-

ਛੇ

ਉਸਨੇ
ਆਪਣੀ ਤਨਹਾਈ 'ਚ
ਖ਼ਿਆਲੀ ਰੌਣਕ ਦੀ
ਮਹਿਫ਼ਲ ਲੱਗਾ ਰੱਖੀ
ਆਪਣੇ ਵਰਤਮ਼ਾਨ 'ਚ
ਯਾਦਾਂ ਦੇ ਤਸੱਵਰ ਦੀ
ਸ਼ਮਾਂ ਜਲਾ ਰੱਖੀ
ਜਦ ਤਕ ਸ਼ਮਾਂ ਜਗਦੀ ਰਹੀ
ਉਹ ਵੀ ਜਗਦਾ ਰਿਹਾ
ਸ਼ਮਾਂ ਕੀ ਬੁੱਝੀ
ਕਿ ਉਹ ਧੂੰਆਂ ਹੋ ਗਿਆ

-0-

## ਸੱਤ

ਮਰਨ ਤੋਂ ਪਹਿਲਾਂ
ਐ ਜ਼ਿੰਦਗੀ
ਇਕ ਬੋਲ ਮੇਰਾ ਹੈ
ਮਰਨ ਤੋਂ ਪਿਛੋਂ ਤਾਂ ਮੇਰਾ
ਕੁੱਝ ਨਹੀਂ
ਕਬਰ ਦੀ ਢੇਰੀ 'ਚ
ਬਸ ਇਕ ਖੋਲ਼ ਮੇਰਾ ਹੈ
ਜੋ ਆਪਣੇ ਹੋਣ ਦੇ
ਅਹਿਸਾਸ ਤੋਂ ਅਣਜਾਣ ਹੈ
ਕੀ ਫ਼ਰਕ ਪੈਂਦਾ ਹੈ
ਕਬਰ ਹੈ ਜ਼ਿੰਦਗੀ
ਜਾਂ ਜ਼ਿੰਦਗੀ ਸ਼ਮਸ਼ਾਨ ਹੈ

-0-

## ਅੱਠ

ਐ
ਚੰਨ ਸੂਰਜ ਸਿਤਾਰੇ
ਪਹਿਲਾਂ
ਧਰਤ ਦੀ ਝੋਲੀ 'ਚ ਧਰ
ਫਿਰ ਆਪਣੇ ਇਨਸਾਨ ਹੋਣ ਦਾ
ਬੰਦੇ ਤੂੰ ਜ਼ਿਕਰ ਕਰ
ਜੇ ਤੂੰ ਧਰਤ ਸਵਰਗ ਬਣਾ ਸਕਦਾ ਨਹੀਂ
ਹੈਂ ਤਾਂ ਇਨਸਾਨ
ਪਰ ਇਨਸਾਨ ਕਹਾ ਸਕਦਾ ਨਹੀਂ

-0-

ਨੌਂ

ਅਜਿਹੀ ਅਵਾਰਗੀ ਦਾ
ਉਹ ਸਿਰ ਸੀ ਐ ਹਵਾ
ਆਪਣੇ ਤੋਂ ਅਲੱਗ
ਰਹਿਣ ਵਾਲੀ ਧਿਰ ਸੀ
ਉਹ ਐ ਹਵਾ

-0-

ਆਪਣੇ ਸੰਗ
ਉਹ ਜਦ ਵੀ ਤੁਰਿਆ
ਭੀੜ ਬਣਕੇ ਰਹਿ ਗਿਆ
ਆਪਣੇ ਸੰਗ ਤੁਰਨ ਦਾ
ਉਸਨੂੰ ਸਰਾਪ ਸੀ
ਭੀੜ ਵਿਚ ਉਹ ਕੈਦ ਸੀ
ਆਪਣੀ ਅਲ਼ੱਗਤਾ 'ਚ
ਉਹ ਅਜ਼ਾਦ ਸੀ

-0-

## ਖ਼ੁਸ਼ੀਆਂ ਦਾ ਖੰਡਰ

ਉਹ ਖੰਡਰਾਂ 'ਚ ਦੀਵੇ
ਜਗਾ ਰਿਹਾ ਸੀ
ਖੰਡਰਾਂ 'ਚ ਗੁਆਚੇ
ਸ਼ਹਿਰ ਨੂੰ ਬੁਲਾ ਰਿਹਾ ਸੀ

-0-

ਉਸ ਵੇਖਿਆ
ਸ਼ਹਿਰ ਨੂੰ ਤਲੀ ਤੇ ਨੱਚਾਇਆ
ਕਿਸੇ
ਸ਼ਹਿਰ ਦੇ ਸਾਜ਼ ਤੇ
ਸ਼ਹਿਰ ਦੀ ਸੁਰ ਨੂੰ ਗਾਇਆ
ਕਿਸੇ
ਸ਼ਹਿਰ ਦੀ ਅਵਾਜ਼ 'ਚ
ਨੱਚਦਾ ਨੱਚਦਾ
ਸ਼ਹਿਰ ਆਪਣੀ ਸੁਰ 'ਚ
ਖੋਹ ਗਿਆ
ਜਾਗਦੀ ਅੱਖ ਦਾ
ਸੁਫ਼ਨਾ ਸੀ ਸ਼ਹਿਰ
ਅੱਖ ਕੀ ਲੱਗੀ
ਕਿ ਸ਼ਹਿਰ ਖੰਡਰ ਹੋ ਗਿਆ

-0-

ਬਜ਼ਾਰਾਂ ਦੀਆਂ ਰੌਣਕਾਂ

ਤੱਕਦੀਆਂ ਰਹਿ ਗਈਆਂ
ਸੜਕਾਂ ਤੇ ਤੁਰਦੇ ਲੋਕ
ਬੁੱਤ ਹੋ ਗਏ
ਚੌਂਕ ਚੌਰਾਹੇ ਗਲੀਆਂ
ਤੇ ਘਰ
ਇਕੱਲਤਾ ਉਜਾੜਾਂ ਉਦਾਸੀਆਂ
ਤੇ ਚੁੱਪ ਦੀ ਰੁੱਤ ਹੋ ਗਏ
ਇਕ ਖੰਡਰ ਨੂੰ ਜਨਮ ਦੇ ਕੇ
ਉਹ ਸ਼ਹਿਰ ਮਰ ਗਿਆ
ਬੁੱਝੇ ਸੂਰਜ ਚੰਨ ਤੇ ਤਾਰੇ
ਅੰਬਰ ਤੇ ਧਰ ਗਿਆ
ਗੋਦ ਧਰਤੀ ਦੀ
ਕਬਰਾਂ ਨਾਲ ਭਰ ਗਿਆ

-0-

ਹੁਣ ਸ਼ਹਿਰ
ਕਿਰਲੀਆਂ ਕਾਢਿਆਂ
ਕੀੜਿਆਂ ਮਕੌੜਿਆਂ ਦਾ ਘਰ
ਹੋਇਆ ਹੈ
ਸ਼ਮਸ਼ਾਨ ਦਾ ਦਰ ਹੋਇਆ ਹੈ
ਕਦੀ
ਹਾਸੇ ਰੌਣਕਾਂ
ਸ਼ਹਿਰ ਦੀ ਝਿਲਮਿਲ ਤੇ
ਲੋਕਾਂ ਦੀ ਬਹਾਰ ਸੀ ਇੱਥੇ

ਖਿੜਿਆ ਫੁੱਲਾਂ ਕਲੀਆ
ਮਹਿਕਾਂ ਦਾ ਗੁਲਜ਼ਾਰ ਸੀ ਇੱਥੇ
ਜਿੱਥੇ ਜ਼ਿੰਦਗੀ
ਲੰਮੀਆਂ ਤਾਣ ਕੇ ਸੀ ਸੌਂ ਰਹੀ
ਉੱਥੇ ਖੰਡਰ ਹੋਏ ਸ਼ਹਿਰ ਦੀ
ਅੱਖ ਸੀ ਅੱਜ ਰੋ ਰਹੀ

-0-

ਮਸਤੀ 'ਚ ਨੱਚਦਾ ਸ਼ਹਿਰ
ਖ਼ੁਸ਼ੀਆਂ 'ਚ ਗਲ ਤਕ ਭਰ
ਗਿਆ
ਖ਼ੁਸ਼ੀਆਂ 'ਚ
ਕਿੱਧਰੇ ਡੁੱਬ ਨਾ ਜਾਏ
ਸ਼ਹਿਰ ਡਰ ਗਿਆ
ਉੱਠਿਆ ਡਰ ਦਾ ਜ਼ਲਜ਼ਲਾ
ਕੰਬਦੇ ਹੋਏ ਸ਼ਹਿਰ ਚੋਂ
ਸ਼ਹਿਰ ਦਾ ਬਦਨ ਸੀ
ਜੋ ਖੰਡਰ ਕਰ ਗਿਆ
ਸ਼ਹਿਰ ਦੀਆਂ ਖ਼ੁਸ਼ੀਆਂ ਦਾ
ਮੁਰਦਾ
ਸ਼ਹਿਰ ਦੀ ਤਲੀ ਤੇ ਧਰ ਗਿਆ

-0-

ਉਹ ਖੰਡਰਾਂ 'ਚ ਦੀਵੇ ਜਗਾ
ਰਿਹਾ ਸੀ
ਖੰਡਰਾਂ 'ਚ ਗੁਆਚੇ ਸ਼ਹਿਰ ਨੂੰ
ਬੁਲਾ ਰਿਹਾ ਸੀ

-----

## ਵਕਤ

ਸਮਾਂ
ਆਪਣੇ ਮੋਢਿਆਂ ਤੇ
ਸਲੀਬ ਉਠਾਈ
ਤੁਰਦਾ ਜਾ ਰਿਹਾ ਹੈ
ਭਾਲਦਾ ਹੋਇਆ
ਕਿ ਕੋਈ ਈਸਾ ਮਿਲੇ
ਜਿਸਨੂੰ ਸੂਲੀ ਤੇ ਚਾੜ੍ਹਿਆ
ਜਾਏ

-0-

ਕੋਈ ਗੁਰੂ
ਅਰਜਨ ਮਿਲੇ
ਜਿਸਨੂੰ ਤੱਤੀਆਂ ਤਵੀਆਂ ਤੇ
ਬਿਠਾਇਆ ਜਾਏ
ਦੇਗ਼ਾਂ 'ਚ ਉਬਾਲਿਆ ਜਾਏ
ਤੱਤੀ ਰੇਤ
ਉਸਦੇ ਸਿਰ ਤੇ ਪਾ ਕੇ
ਉਸਦਾ ਜਿਸਮ ਛਾਲਾ ਕਰ
ਦਿੱਤਾ ਜਾਵੇ
ਕਿਉਂਕਿ ਧਰਤੀ ਤੇ ਬਹੁਤ
ਭਾਰ ਵਧ ਗਿਆ ਹੈ
ਅੰਬਰ ਦੀ
ਕੋਈ ਦੇਹ ਛਲਣੀ ਕਰ ਗਿਆ ਹੈ

ਹਵਾ ਜ਼ਖਮੀ ਹੋ ਗਈ ਹੈ
ਰਾਖ਼ ਅੱਗਣੀ ਹੋ ਗਈ ਹੈ
ਜਲ ਚੋਂ ਸਹਿਰਾ ਪੁੰਗਰ
ਆਇਆ ਹੈ
ਕਾਇਨਾਤ ਪਿੱਘਲੀ ਹੈ
ਲਾਵੇ ਦਾ ਹੜ੍ਹ
ਧਰਤੀ ਤੇ ਆਇਆ ਹੈ

-0-

ਕਿਸੇ ਈਸਾ
ਕਿਸੇ ਗੁਰੂ ਅਰਜਨ ਦੀ
ਬਲੀ
ਸਮਾਂ ਮੰਗਦਾ ਹੈ
ਆਪਣੇ ਕਿਸੇ ਲਾਡਲੇ ਦਾ
ਸਿਰ
ਸੂਲੀ ਦੀ ਭੇਂਟ ਕਰਦਾ ਹੈ
ਕਿਉਂਕਿ
ਧਰਤੀ
ਜ਼ਿੰਦਗੀ ਦਾ ਤਰਾਨਾ ਗਾ
ਨਹੀਂ ਸਕਦੀ
ਇਸ ਵਧ ਗਏ ਭਾਰ ਦਾ ਬੋਝ
ਉੱਠਾ ਨਹੀਂ ਸਕਦੀ

-0-

ਜ਼ੁਲਮ ਜ਼ਬਰ ਅਤਿਆਚਾਰ
ਦਹਿਸ਼ਤ ਦਰਿੰਦਗੀ ਏਨੀ
ਫੈਲੀ ਹੈ
ਮਨੁੱਖਤਾ ਦਾ ਲਹੂ
ਧਰਤ ਤੇ ਏਨਾ ਡੁੱਲ੍ਹਿਆ ਹੈ
ਬਰੂਦ ਦੀਆਂ ਫ਼ਸਲਾਂ
ਖੇਤਾਂ 'ਚ ਉੱਗਾਈਆਂ ਹਨ
ਅੱਗ ਦੇ ਜੰਗਲ
ਲਾਵੇ ਦੇ ਪਹਾੜ
ਅੰਗਿਆਰਿਆਂ ਦੀਆਂ
ਬੂੰਦਾਂ ਦੇ ਸਾਗਰ ਉਸਾਰੇ ਹਨ
ਮਨੁੱਖਤਾ ਦੇ ਵਿਹੜੇ
ਮਨੁੱਖ ਤੇ ਦੈਤ ਦਾਨਵ ਤੇ
ਰਾਕਸ਼ਿਸ਼ ਉਤਾਰੇ ਹਨ

-0-

ਜੋ ਮਨੁੱਖ ਦਾ ਸੱਚ
ਕਲਿਆਣ ਭੰਗ ਕਰਦੇ ਹਨ
ਦਯਾ ਪਿਆਰ ਮੁਹੱਬਤ
ਸਾਂਝੀਵਾਲਤਾ ਤੇ ਸਰਬਤ ਦੇ
ਭਲੇ ਨੂੰ ਸੂਲੀ ਤੇ ਟੰਗਦੇ ਹਨ
ਇਨ੍ਹਾਂ ਨੂੰ ਰੋਕਣ ਲਈ
ਲੋੜ ਹੈ ਰਾਮ ਨੂੰ ਘਰ
ਪਰਤਣ ਦੀ
ਗੁਰੂ ਤੇਗ਼ ਬਹਾਦਰ ਨੂੰ

ਸਿਰ ਵਾਰਨ ਦੀ
ਗੋਬਿੰਦ ਸਿੰਘ ਨੂੰ
ਚਮਕੌਰ ਦੀ ਗੜ੍ਹੀ ਲਹੂ
ਸੰਗ ਰੰਗਣ ਦੀ
ਲਾਲਾਂ ਨੂੰ ਨੀਹਾਂ 'ਚ ਚਿਨਾਉਣ ਦੀ
ਬੰਦੇ ਬਹਾਦਰ ਨੂੰ
ਸਰਹੰਦ ਦੀ ਇੱਟ ਨਾਲ ਇੱਟ
ਖੜ੍ਹਕਾਉਣ ਦੀ
ਤਾਂ ਕਿ ਧਰਤੀ ਹਲਕੀ
ਹੋ ਸਕੇ
ਅੰਬਰ ਆਪਣੀ ਛਾਂ ਤੇ
ਟਿਕਿਆ ਰਹੇ

-0-

ਮਨੁੱਖਤਾ ਨੂੰ
ਸੁੱਖ ਦਾ ਸਾਹ ਆਵੇ
ਧਰਤੀ
ਆਪਣੀ ਪ੍ਰਕਰਮਾ ਕਰੇ
ਮੌਸਮ ਬਹਾਰਾਂ ਰੁੱਤਾਂ ਤੇ
ਮਹਿਕਾਂ ਦੇ ਗੀਤ ਗਾਏ
ਸੂਰਜ ਚੰਨ ਤਾਰੇ
ਮੁੜ ਕੇ ਰੌਸ਼ਨ ਹੋਣ
ਲਹੂ ਸੰਗ ਲਿੱਬੜੀ ਧਰਤੀ
ਤੇ ਅੰਬਰ ਦੇ ਅੰਗਾਂ ਨੂੰ ਧੋਣ

-0-

ਸਮਾਂ ਆਪਣੇ ਮੋਢਿਆਂ ਤੇ
ਸਲੀਬ਼ ਉੱਠਾਈ ਤੁਰਦਾ ਜਾ
ਰਿਹਾ ਹੈ
ਭਾਲਦਾ ਹੋਇਆ
ਕਿ ਕੋਈ ਈਸਾ ਮਿਲੇ
ਜਿਸਨੂੰ ਸੂਲੀ ਤੇ ਚਾੜ੍ਹਿਆ
ਜਾਏ

-----

## ਫ਼ਤਹਿ

ਉਹ
ਆਪਣੇ ਸਿਰ ਤੇ
ਸੜਦਾ ਸੂਰਜ ਸਹਿੰਦਾ ਗਿਆ
ਤੱਪਦੀ ਧਰਤੀ ਤੇਂ
ਤੁਰਦਾ ਗਿਆ
ਉਹ ਕਿਸੇ ਵੀ
ਰੁੱਖ ਦੀ ਛਾਂ ਹੇਠ ਬਹਿਣਾ
ਨਹੀਂ ਸੀ ਚਾਹੁੰਦਾ
ਕਿਸੇ ਵੀ ਆਸਰੇ ਰਹਿਣਾ
ਨਹੀਂ ਸੀ ਚਾਹੁੰਦਾ

–0–

ਉਸਨੇ
ਆਪਣੇ ਪਿੰਡੇ ਤੋਂ
ਨਾ ਆਪਾ ਉਤਾਰਿਆ
ਨਾ ਕਿਸੇ ਦਾ ਜਿਸਮ
ਪਹਿਚਾਣਿਆ
ਉਹ ਤਲਵਾਰਾਂ ਦੀ ਛਾਂ ਹੇਠਾਂ
ਆਪਣਾ ਸਿਰ
ਤਲੀ ਤੇ ਧਰ ਲੜਦਾ ਗਿਆ
ਰਾਹ 'ਚ ਆਈ
ਹਰ ਮੁਸੀਬਤ ਨੂੰ ਫ਼ਤਹਿ ਕਰਦਾ
ਗਿਆ.

–0–

ਉਸਦਾ ਵਾਅਦਾ ਸੀ
ਆਪਣੇ ਆਪ ਨਾਲ
ਕਿ
ਉਹ ਕਿਸੇ ਵੀ ਆਸਰੇ ਤੋਂ ਬਿਨਾਂ
ਇਹ ਜ਼ਿੰਦਗੀ ਦਾ ਜੰਗ
ਆਪਣੇ ਬਲਬੂਤੇ ਤੇ
ਆਪ ਲੜੇਗਾ
ਆਪਣੇ ਆਪ ਚੋਂ
ਉੱਠੇ ਤੂਫ਼ਾਨ ਦਾ ਟਾਕਰਾ
ਉਹ ਆਪਣੇ ਆਪ ਕਰੇਗਾ

-0-

ਉਸਦੇ ਅੰਦਰਲੇ ਮੈਦਾਨੇ
ਜੰਗ ਦੇ ਤੂਫ਼ਾਨ 'ਚ
ਕਾਮ ਦਾ ਸਮੁੰਦਰ ਸੀ
ਕ੍ਰੋਧ ਦਾ ਪਹਾੜ ਸੀ
ਮੋਹ ਦਾ ਜੰਗਲ ਸੀ
ਲੋਭ ਦਾ ਸਹਿਰਾਂ ਸੀ
ਹੰਕਾਰ ਦਾ ਦਰਿਆ ਸੀ
ਉਹ ਆਪਣੀ
ਕੁਰਬਾਨੀ ਲਈ ਤਿਆਰ ਸੀ
ਬੇਸ਼ੱਕ ਉਹ ਘਿਰਿਆ
ਪੰਜ ਮਹਾਂਬਲੀ ਦੁਸ਼ਮਣਾਂ
ਵਿਚਕਾਰ ਸੀ

-0-

ਉਸਨੇ ਕਾਮ ਦੇ ਸਮੁੰਦਰ ਨੂੰ
ਸਬਰ ਦੀ ਬੇੜੀ ਨਾਲ ਤਰਿਆ
ਕ੍ਰੋਧ ਦਾਂ ਪਹਾੜ
ਨਿਮਰਤਾ ਦੀ ਘਾਟ ਉਤਾਰਿਆ
ਮੋਹ ਦੇ ਜੰਗਲ ਨੂੰ
ਤਿਆਗ ਸੰਗ ਚੀਰਿਆ
ਲੋਭ ਦਾ ਸਹਿਰਾ
ਸੰਤੋਖ਼ ਦੀ ਭੇਟ ਚੜ੍ਹਿਆ
ਹੰਕਾਰ ਦਾ ਦਰਿਆ
ਕਲਿਆਣ ਦੇ ਸਾਗਰ 'ਚ
ਉਤਾਰਿਆ

-0-

ਅੰਤ
ਆਪਣੇ ਅੰਦਰਲੇ ਤੂਫ਼ਾਨ ਤੇ
ਉਸ ਫ਼ਤਹਿ ਪਾਈ
ਤੇ
ਆਪਣੀ ਜਿੱਤ ਦਾ ਪ੍ਰਚਮ
ਮੈਦਾਨੇ-ਜੰਗ 'ਚ ਲਹਿਰਾ ਦਿੱਤਾ
ਸੱਚ ਦਾ ਦੀਵਾ
ਆਪਣੀ ਦੇਹ 'ਚ ਜਗਾ ਦਿੱਤਾ
ਆਪਣਾ ਅੰਦਰ ਬਾਹਰ
ਤੇ ਲੋਕ ਪ੍ਰਲੋਕ ਰੁਸ਼ਨਾ ਦਿੱਤਾ

------

## ਬੁੱਝਿਆ ਦੀਵਾ

ਐ ਰੌਸ਼ਨੀ
ਮੈਂ ਬੁੱਝਿਆ ਚਿਰਾਗ ਹਾਂ
ਚਾਨਣ ਤੋਂ ਦੂਰ ਹਾਂ
ਹਨ੍ਹੇਰੇਂ ਦੇ ਪਾਸ ਹਾਂ

-0-

ਤੂੰ ਅੰਬਰ 'ਚ ਹੈਂ
ਸੂਰਜਾਂ ਚੰਨਾਂ ਤਾਰਿਆਂ 'ਚ ਹੈਂ
ਜੰਗਲਾਂ 'ਚ ਹੈਂ
ਪਹਾੜਾਂ 'ਚ ਹੈਂ
ਨਦੀਆਂ ਨਾਲਿਆਂ
ਦਰਿਆਵਾਂ 'ਚ ਹੈਂ

-0-

ਮੈਂ ਤਾਂ
ਇਕ ਬੁੱਝਿਆ ਚਿਰਾਗ ਹਾਂ
ਗਤੀ ਰਹਿਤ ਹਾਂ
ਦ੍ਰਿਸ਼ਟੀ ਰਹਿਤ ਹਾਂ
ਬੇਅਵਾਜ਼ ਹਾਂ
ਤੂੰ ਕਿੱਥੇ ਹੈਂ
ਤੂੰ ਕਦ ਆਵੇਂਗੀ
ਮੇਰਾ ਅੰਧੇਰਾ ਮਿਟਾਵੇਂਗੀ

-0-

ਤੂੰ ਮੌਸਮਾਂ ਬਹਾਰਾਂ 'ਚ ਹੈਂ
ਰੁੱਤਾਂ ਫੁੱਲਾਂ ਮਹਿਕਾਂ ਕਲੀਆਂ
ਗੁਲਜ਼ਾਰਾਂ 'ਚ ਹੈਂ
ਤੂੰ ਮਨੁੱਖਾਂ ਜੀਵਾਂ ਜੰਤੂਆਂ
ਪਸ਼ੂ ਪਖ਼ਸ਼ੀਆਂ 'ਚ ਹੈਂ
ਚੁੱਪ ਉਦਾਸੀਆਂ ਪਤਝੱੜਾਂ
ਉਜਾੜਾਂ 'ਚ ਹੈਂ
ਮੈਂ ਤਾਂ
ਇਕ ਬੁੱਝਿਆ ਚਿਰਾਗ ਹਾਂ
ਆਪਣੇ ਆਪ ਤੇ ਲੱਗਾ
ਇਕ ਦਾਗ਼ ਹਾਂ
ਤੂੰ ਕਿੱਥੇ ਹੈਂ
ਤੂੰ ਕਦ ਆਵੇਂਗੀ
ਮੇਰੇ ਤੇ ਲੱਗਾ ਦਾਗ਼ ਮਿਟਾਵੇਂਗੀ

-0-

ਐ ਰੌਸ਼ਨੀ
ਮੈਂ ਤੇਰੀ ਉੱਡੀਕ 'ਚ ਬੁੱਝਿਆ ਤਾਂ ਹਾਂ
ਬੇਸ਼ੱਕ
ਪਰ ਜਿਉਂਦਾ ਹਾਂ
ਮਰਿਆ ਨਹੀਂ
ਦੇਖ ਨਹੀਂ ਸਕਦਾ ਆਪਣੇ
ਆਪ ਨੂੰ
ਪਰ ਤੇਰੀ ਉੱਡੀਕ 'ਚ

ਜ਼ਿੰਦਗੀ ਤੋਂ ਮੌਤ ਤੱਕ ਦੀ
ਸਰਦਲ ਤਕ ਵਿੱਛਿਆ ਤਾਂ ਹਾਂ
ਕਦ ਤੂੰ ਮੇਰੇ ਤੇ ਪੈਰ ਧਰੇਂਗੀ
ਇਕ ਕਬਰ ਹੋਏ
ਦੀਵੇ ਦੀ ਦੇਹ ਰੌਸ਼ਨ ਕਰੇਂਗੀ
ਤੂੰ ਕਿੱਥੇ ਹੈਂ
ਤੂੰ ਕਦ ਆਵੇਂਗੀ
ਮੇਰਾ ਅੰਧੇਰਾ ਮਿਟਾਵੇਂਗੀ

-0-

ਤੂੰ ਜਾਣਦੀ ਹੈਂ
ਮੈਂ ਤਾਂ
ਇਕ ਬੁੱਝਿਆ ਚਿਰਾਗ਼ ਹਾਂ
ਗਤੀ ਰਹਿਤ ਹਾਂ
ਦ੍ਰਿਸ਼ਟੀ ਰਹਿਤ ਹਾਂ ਬੇ ਅਵਾਜ਼ ਹਾਂ
ਤੇਰੇ ਕੋਲ ਆ ਨਹੀਂ ਸਕਦਾ
ਤੈਨੂੰ ਤੱਕ ਨਹੀਂ ਸਕਦਾ
ਤੈਨੂੰ ਬੁਲਾ ਨਹੀਂ ਸਕਦਾ

-----

## ਜਲ ਵਿਚਲਾ ਜਲ

ਉਹ
ਖ਼ੂਹ ਦੀਆਂ ਖ਼ਾਲੀ.
ਟਿੰਡਾਂ ਵਾਂਗ ਗਿੜਦਾ ਰਿਹਾ
ਨਾ ਇਕ ਬੂੰਦ
ਜਲ ਦੀ ਮਿਲੀ ਭਰੇ ਖ਼ੂਹ ਚੋਂ
ਉਹ ਸਹਿਰਾ ਦੇ ਵਾਂਗ
ਜਿਉਂਦਾ ਰਿਹਾ

-0-

ਕਈ ਸਮੁੰਦਰ
ਉਸਦੇ ਕੋਲੋਂ ਲੰਘੇ
ਕਈ ਜੰਗਲ
ਉਸਦੇ ਦੁਆਲੇ ਉੱਗੇ
ਕਈ ਝੀਲਾਂ ਚਸ਼ਮੇ ਦਰਿਆ
ਨਦੀਆਂ ਝਰਨੇ
ਉਸਦੇ ਪੈਰਾਂ ਚੋਂ ਫੁੱਟੇ
ਉਸਦੇ ਸਿਰ ਤੋਂ ਲੰਘੇ.
ਪਰ ਉਹ ਅਭਿੱਜ ਹੀ
ਉਨ੍ਹਾਂ ਵਿਚਕਾਰ ਖੜ੍ਹਾ ਰਿਹਾ

-0-

ਕਈ ਮੌਸਮ ਬਹਾਰਾਂ

ਰੁੱਤਾਂ ਫੁੱਲ ਮਹਿਕਾਂ ਕਲੀਆਂ
ਉਸਦੇ ਦੁਆਲੇ ਖਿੜੀਆਂ
ਕਈ ਰੁੱਖਾਂ ਦੀਆਂ ਛਾਵਾਂ
ਉਸਦੀ ਪ੍ਰਕਰਮਾ 'ਚ ਗਿੜੀਆਂ
ਕਈ ਸ਼ਬਦ ਬੋਲ ਅਰਥ
ਉਸਦੇ ਦੁਆਰ ਤੇ ਆਏ
ਪਰ ਉਨ੍ਹਾਂ
ਨਾ ਉਸ ਦੀ ਹੋਂਦ ਮਹਿਸੂਸ
ਕੀਤੀ
ਨਾ ਉਸਨੂੰ ਜਾਣਿਆਂ
ਉਹ ਅਣਜਾਣ ਹੀ
ਉਨ੍ਹਾਂ ਵਿਚਕਾਰ ਖੜ੍ਹਾ ਰਿਹਾ

-0-

ਹੁਣ ਕਦੀ ਕਦੀ ਜਲ
ਉਸਦੇ ਝਾਉਲੇ ਜਿਹੀ ਬਾਤ
ਪਾਉਂਦਾ ਹੈ
ਪ੍ਰਕਿਰਤੀ
ਉਸਦੇ ਝਾਉਲੇ ਜਿਹੇ ਪ੍ਰਛਾਵੇਂ ਦੀ
ਗੱਲ ਕਰਦੀ ਹੈ
ਲੱਗਦਾ ਹੈ
ਉਹ ਅਜੇ ਵੀ ਅਭਿੱਜ ਤੇ
ਅਨਜਾਣ ਜਿਹਾ

ਉੱਥੇ ਹੀ ਖੜ੍ਹਾ ਹੈ
ਜਿਸਦਾ ਝ਼ਾਉਲਾ ਤਾਂ
ਜਿਉਂਦਾ ਹੈ
ਜਿਸਦ਼ਾ ਸੱਚ ਗੁਜ਼ਰ
ਗਿਆ ਹੈ

-0-

ਉਹ
ਖ਼ੂਹ ਦੀਆਂ ਖ਼ਾਲੀ ਟਿੰਡਾਂ ਵਾਂਗ
ਗਿੜਦਾ ਰਿਹਾ
ਨਾ ਇਕ ਬੂੰਦ ਜ਼ਲ ਦੀ
ਮਿਲੀ
ਭਰੇ ਖ਼ੂਹ ਚੋਂ
ਉਹ ਥਲ ਵਾਂਗ ਹੀ
ਜਿਉਂਦਾ ਰਿਹਾ

------

## ਕੌਣ ਹੈ

ਇਹ
ਮੇਰੇ ਹੀ ਅੰਦਰ ਕੌਣ ਹੈ
ਜੋ ਕਦੀ ਜੰਗਲ
ਕਦੀ ਸਾਗਰ
ਕਦੀ ਪਹਾੜ
ਕਦੀ ਦਰਿਆ ਨਦੀਆਂ ਨਾਲੇ
ਚਸ਼ਮੇ ਝਰਨਿਆਂ ਦਾ
ਰੂਪ ਹੋ ਵਿਚਰਦਾ ਹੈ
ਕਦੀ ਸਹਿਰਾ
ਕਦੀ ਮੌਸਮ ਬਹਾਰਾਂ ਰੁੱਤਾਂ
ਬਣ
ਮੇਰੇ 'ਚ ਉਤਰਦਾ ਹੈ

-0-

ਇਹ ਕੌਣ ਹੈ
ਜੋ ਦਿਸਹੱਦਿਆਂ ਦੇ ਆਰ
ਵੀ ਹੈ ਪਾਰ ਵੀ ਹੈ
ਮੈਦਾਨੇ-ਜੰਗ 'ਚ
ਜਿੱਤ ਵੀ ਹੈ ਹਾਰ ਵੀ ਹੈ
ਸਿਰ ਵੀ ਹੈ
ਤਲਵਾਰ ਵੀ ਹੈ

-0-

ਇਹ ਕੌਣ ਹੈ
ਜੋ ਧਰਤੀ ਬਣ ਕੇ

ਮੇਰੀ ਧੁੰਨੀ 'ਚ ਮਹਿਕਦਾ ਹੈ
ਅੰਬਰ ਬਣ ਕੇ
ਮੇਰੀਆਂ ਨਜ਼ਰਾਂ 'ਚ ਤੈਰਦਾ ਹੈ
ਸੂਰਜ ਚੰਨ ਸਿਤਾਰਿਆਂ
ਵਾਂਗ
ਮੇਰੇ ਮਸਤਕ 'ਚ ਜਗਦਾ ਹੈ
ਇਹ ਕੌਣ ਹੈ
ਇਹ ਮੇਰਾ ਕੀ ਲੱਗਦਾ ਹੈ

-0-

ਜੋ ਪੱਥਰ ਵੀ ਹੈ
ਫੁੱਲ ਵੀ ਹੈ
ਜ਼ਿੰਦਗੀ ਵੀ ਹੈ ਕਬਰ ਵੀ ਹੈ
ਪੈਰ ਵੀ ਹੈ
ਸਫ਼ਰ ਵੀ ਹੈ
ਅੱਖ ਵੀ ਹੈ ਨਜ਼ਰ ਵੀ ਹੈ
ਦੇਹ ਵੀ ਹੈ ਪ੍ਰਾਣ ਵੀ ਹੈ
ਦਿਲ ਵੀ ਹੈ ਧੜਕਣ ਵੀ ਹੈ
ਜਾਨ ਵੀ ਹੈ
ਇਹ ਕੌਣ ਹੈ ਇਹ ਕੀ ਹੈ
ਇਹਦਾ ਮੇਰਾ ਕੀ ਰਿਸ਼ਤਾ ਹੈ
ਜੋ ਅਨੁਭਵ ਹੁੰਦਾ ਹੈ
ਨਾ ਦਿੱਸਦਾ ਹੈ

-0-

ਇਹ ਕਿਤੇ ਮੈਂ ਹੀ ਤਾਂ ਨਹੀਂ

ਜੋ ਹਰ ਪਲ
ਰੂਪ ਬਦਲ ਕੇ ਦੁਆਲੇ
ਉੱਗ ਆਉਂਦਾ ਹਾਂ
ਆਪਣੀ ਮੈਂ 'ਚ
ਤੂੰ ਦਾ ਵਿਸਥਾਰ ਪਾਉਂਦਾ ਹਾਂ
ਮੇਰੀ ਤੂੰ
ਮੇਰੀ ਮੈਂ ਨੂੰ ਸਮਝਾ ਰਹੀ ਹੈ
ਜੇ ਤੂੰ ਹੈਂ ਤਾਂ ਮੈਂ ਹਾਂ
ਜੇ ਤੂੰ ਨਹੀਂ ਤਾਂ ਮੈਂ ਨਹੀਂ
ਜੇ ਮੈਂ ਨਹੀਂ ਤੂੰ ਨਹੀਂ
ਤਾਂ ਉਹ ਹੈ
ਤੇਰੇ 'ਚ ਜੋ ਹੈ ਮੇਰੇ 'ਚ ਜੋ ਹੈ

-0-

ਜੋ ਤੇਰੇ ਬਿੰਦੂ ਚੋਂ ਕਦੀ
ਦਾਇਰਿਆਂ ਦਾ ਦਾਇਰਾ
ਬਣਕੇ ਉੱਗ ਆਉਂਦਾ ਹੈ
ਕਦੀ ਦਾਇਰਿਆਂ ਦੇ ਦਾਇਰੇ
ਤੋਂ
ਤੇਰੇ ਬਿੰਦੂ 'ਚ ਸੁੰਘੜ ਜਾਂਦਾ ਹੈ
ਉਹ ਕੌਣ ਹੈ
ਉਹ ਮੈਂ ਆਪ ਹਾਂ ਆਪਣਾ ਬਿੰਦੂ
ਆਪਣਾ ਵਿਸਥਾਰ ਹਾਂ
ਆਪਣੇ ਆਲੇ ਦੁਆਲੇ ਹਾਂ
ਆਪਣੇ ਵਿਚਕਾਰ ਹਾਂ

------

## ਉਲਟਿਆ ਸਮੁੰਦਰ

ਜਦੋਂ ਸਮੁੰਦਰ ਦਾ ਲਹੂ
ਉਬਲੇਗਾ
ਸਮੁੰਦਰੋਂ ਬਾਹਰ ਲਹਿਰਾਉਂਦਾ
ਜਦ ਜਿਸਮ ਸੁਲਗੇਗਾ
ਤਾਂ ਸਮੁੰਦਰ ਉਲਟ ਜਾਏਗਾ
ਸਮੁੰਦਰ ਸਮੁੰਦਰ ਦਾ ਨਹੀਂ
ਸਮੁੰਦਰੀ ਜ਼ੀਵ ਜੰਤੂਆਂ ਦਾ
ਸਮੁੰਦਰ ਨਜ਼ਰ ਆਏਗਾ

-0-

ਕਿਨਾਰੇ ਤਿਆਗ ਕੇ
ਲਹਿਰਾਂ ਸਮੁੰਦਰ 'ਚ ਉਤਰ
ਜਾਣਗੀਆਂ
ਸਮੁੰਦਰੀ ਜੀਵਨ ਦਾ
ਦੁੱਖ ਦਰਦ ਹੰਢਾਉਣਗੀਆਂ
ਸਮੁੰਦਰ 'ਚ ਸੁੱਤੀਆਂ ਮੱਛੀਆਂ
ਨੂੰ ਜਗਾਉਣਗੀਆਂ
ਦਰਪਣ ਚੋਂ ਸੁਮੰਦਰ ਦਾ
ਚਿਹਰਾ ਦਿਖਾਉਣਗੀਆਂ

-0-

ਜੋ ਜੀਵਨ ਕਬਰਾਂ ਹੋ ਗਿਆ ਹੈ
ਸਮੁੰਦਰ ਦੀ ਬੁੱਕਲ 'ਚ
ਉਸ ਜੀਵਨ ਦੀ ਕਬਰ ਤੇ

ਜਗਦੇ ਚਿਰਾਗ਼ ਧਰਨਗੀਆਂ
ਸਮੁੰਦਰ ਦੇ ਬਲਹੀਣ ਜੀਵਨ 'ਚ
ਜੋਸ਼ ਬਲ ਤੇ ਉਤਸ਼ਾਹ ਧਰਨਗੀਆਂ
ਸਮੁੰਦਰੀ ਜੰਗਲਾਂ ਨੂੰ
ਸਮੁੰਦਰੀ ਪਹਾੜਾਂ ਨੂੰ
ਸਮੁੰਦਰ 'ਚ ਤੈਰਦੇ
ਜੀਵ ਜੰਤੂਆਂ ਦੀਆਂ ਡਾਰਾਂ ਨੂੰ
ਸਮੁੰਦਰ ਦਾ ਨੰਗਾ ਸੱਚ
ਵਿਖਾਉਣਗੀਆਂ
ਸਮੁੰਦਰ ਦਾ ਸੱਚ
ਜਦ ਸਮੁੰਦਰੀ ਜੀਵਨ ਨੂੰ
ਨਜ਼ਰ ਆਏਗਾ
ਸਮੁੰਦਰ ਪਲਟ ਜਾਏਗਾ
ਉਪਰਲਾ ਥੱਲੇ
ਥੱਲੜਾ ਉੱਪਰ ਹੋ ਜਾਏਗਾ
ਸਮੁੰਦਰ
ਸਮੁੰਦਰੀ ਜੀਵਨ ਦਾ ਸਮੁੰਦਰ
ਕਹਾਏਗਾ
ਨਾ ਮੋਈਆਂ ਮੱਛੀਆਂ
ਸਮੁੰਦਰ ਦੇ ਦਰਪਣ ਤੇ
ਨਜ਼ਰ ਆਉਣਗੀਆਂ
ਨਾ ਸਮੁੰਦਰੀ ਜੀਵ ਜੰਤੂਆਂ

ਦੀਆਂ ਲਾਸ਼ਾਂ
ਲਹਿਰਾਂ ਕਿਨਾਰੇ ਲਾਉਣਗੀਆਂ

-0-

ਜਦੋਂ ਸਮੁੰਦਰ ਦਾ ਲਹੂ
ਉਬਲੇਗਾ
ਸਮੁੰਦਰੋਂ ਬਾਹਰ ਲਹਿਰਾਂ ਦਾ
ਜਿਸਮ ਸੁਲਗੇਗਾ
ਸਮੁੰਦਰੀ ਜੀਵਨ 'ਚ
ਇਕ ਜ਼ਲਜ਼ਲਾ ਆਏਗਾ
ਜੋ ਸਮੁੰਦਰ ਨੂੰ
ਸਮੁੰਦਰੀ ਜੀਵਨ ਦਾ ਸਮੁੰਦਰ
ਬਣਾਏਗਾ

-----

## ਦੁਨੀਆਂ

ਇਹ ਦੁਨੀਆਂ ਬੜੀ
ਅਜ਼ੀਬ ਹੈ
ਇਸਦੀ ਮੁਹਾਰਨੀ
ਅਜੀਬੋ ਗਰੀਬ ਹੈ
ਜਦ ਸ਼ੋਰ ਉੱਗਲਦੀ ਹੈ
ਤਾਂ ਚੁੱਪ ਜਨਮਦੀ ਹੈ
ਜਦ ਜੀਵਨ ਜਨਮਦੀ ਹੈ
ਤਾਂ ਮੌਤ ਉੱਗਲਦੀ ਹੈ
ਅਸਲ ਇਸ ਦਾ ਸੱਚ ਹੀ
ਇਸਦੇ ਪ੍ਰਗਟਾਅ ਦਾ ਨਤੀਜਾ ਹੈ
ਇਹ ਉਹ ਫੱਲ ਹੈ
ਜੋ ਇਸਨੇ ਕਰਮ ਕੀਤਾ ਹੈ

–0–

ਇਹਦੇ ਮੌਸਮ ਬਹਾਰਾਂ
ਰੁੱਤਾਂ ਰੰਗ ਫੁੱਲ ਤੇ ਖ਼ੁਸ਼ਬੂਆਂ
ਪੱਥਰ ਉੱਗਾਉਂਦੇ ਹਨ
ਕਬਰਾਂ ਉੱਗਾਉਂਦੇ ਹਨ
ਹਰੇ ਭਰੇ ਰੁੱਖਾਂ ਨੂੰ ਮੁਰਦੇ
ਬਣਾਉਂਦੇ ਹਨ
ਇਸਦੀਆਂ ਛਾਵਾਂ
ਅੱਗ ਦੇ ਗੋਲੇ ਹਨ

ਇਸ ਨੇ
ਜ਼ਿੰਦਗੀ ਦੇ ਦਰ ਢੋਅ ਕੇ
ਸ਼ਮਸ਼ਾਨਾਂ ਦੇ ਕੁਆੜ ਖੋਲ੍ਹੇ ਹਨ
ਇਸਦੇ ਆਸਮਾਨ ਦੇ
ਬੱਦਲ
ਅੱਗਣ ਕਣੀਆਂ
ਧਰਤੀ ਤੇ ਬਰਸਾਉਂਦੇ ਹਨ
ਨਜ਼ਰ ਦੇ ਦਿਸਹੱਦਿਆਂ ਤਕ
ਮਨੁੱਖਤਾ ਦੇ ਵਿਹੜੇ
ਥ਼ਲ ਹੀ ਥਲ ਉੱਗਾਉਂਦੇ ਹਨ

-0-

ਇਹ ਦੁਨੀਆਂ
ਸੜਦੀਆਂ ਪੌਣਾਂ ਦਾ ਵੇਗ਼ ਹੈ
ਇਸਦੀ ਹਰਿਆਵਲ 'ਚ
ਬਰੂਦ ਦਾ ਸੇਕ ਹੈ
ਇਸਦੇ ਦਰਿਆਵਾਂ ਦਾ ਜਲ
ਲਾਵਾ ਹੈ
ਇਹ ਦੁਨੀਆਂ
ਸੱਚ ਦੇ ਭਰਮ ਦਾ ਛਿਲਾਵਾ ਹੈ
ਇਸਦੇ ਰੁੱਖ ਤੇ
ਜਿਸ ਪੰਛੀ ਵੀ
ਆਲ੍ਹਣਾ ਪਾਇਆ ਹੈ

ਇਸ ਨੇ
ਉਸਦੇ ਪਰ ਕਤਰੇ ਹਨ
ਤੇ ਉਸਨੂੰ ਉਮਰ ਭਰ ਲਈ
ਬੰਦੀ ਬਣਾਇਆ ਹੈ

-0-

ਇਸਦਾ ਸੱਚ
ਜੋ ਕੋਈ ਵੀ
ਇਸਦੇ ਸਾਵੇਂ ਲਿਆਇਆ ਹੈ
ਇਸਨੇ
ਉਸਦੇ ਹੱਥਾਂ ਪੈਰਾਂ 'ਚ
ਕਿੱਲ ਠੋਕੇ ਹਨ
ਉਸਨੂੰ ਸੂਲੀ ਤੇ ਚੜ੍ਹਾਇਆ ਹੈ
ਜੋ ਕਿਸੇ ਨੇ
ਇਸਦੇ ਬੋਲਾਂ ਦਾ ਅਰਥ
ਕੀਤਾ ਹੈ
ਉਸਨੂੰ ਦੇਗਾਂ 'ਚ ਉਬਾਲਿਆ ਹੈ
ਤੱਤੀਆਂ ਤਵੀਆਂ ਤੇ
ਬਿਠਾਇਆ ਹੈ
ਆਰਿਆਂ ਨਾਲ ਚੀਰਿਆ ਹੈ
ਨੀਹਾਂ 'ਚ
ਚਿਣਵਾਇਆ ਹੈ
ਉਸਦਾ ਸਿਰ ਕਲਮ ਕੀਤਾ ਹੈ

ਪੋਟਾ ਪੋਟਾ ਕੱਟਵਾਇਆ ਹੈ

-0-

ਇਹ ਦੁਨੀਆਂ
ਕਿਸੇ ਦੀ ਨਹੀਂ
ਸਿਰਫ਼ ਆਪਣੇ ਆਪ ਦੀ ਹੈ
ਆਪਣੇ ਮਜ਼ਹਬ ਦੀ ਹੈ
ਆਪਣੀ ਜਾਤ ਦੀ ਹੈ
ਇਹ ਰਾਤ ਦਾ ਹਨ੍ਹੇਰਾ ਹੈ
ਇਹ ਨਾ ਕਿਸੇ ਸੂਰਜ ਦੀ ਹੈ
ਨਾ ਕਿਸੇ ਪ੍ਰਭਾਤ ਦੀ ਹੈ
ਇਸਨੂੰ ਪਾ ਕੇ
ਕੀ ਕਰੇਗਾ ਕੋਈ
ਇਸਨੂੰ ਗਲ ਲਾ ਕੇ
ਜਿਉਂਦੇ ਜੀਅ ਮਰੇਗਾ ਕੋਈ

-0-

ਇਹ ਦੁਨੀਆਂ ਬੜੀ
ਅਜ਼ੀਬ ਹੈ
ਇਸਦੀ ਮੁਹਾਰਨੀ
ਅਜ਼ੀਬੋ ਗਰੀਬ ਹੈ
ਜਦ ਸ਼ੋਰ ਉੱਗਲਦੀ ਹੈ
ਤਾਂ ਚੁੱਪ ਜਨਮਦੀ ਹੈ
ਜਦ ਜੀਵਨ ਬੀਜਦੀ ਹੈ
ਤਾਂ ਮੌਤ ਉੱਗਲਦੀ ਹੈ

-----

## ਸ਼ਬਦਾਂ ਅਰਥਾਂ ਚੋਂ ਮਨਫ਼ੀ

ਉਸਦੇ
ਸ਼ਬਦ ਹੀ
ਉਸਦੇ ਅਰਥਾਂ ਦਾ ਚਿਹਰਾ
ਸਨ
ਉਸਦੇ ਅਰਥਾਂ ਦਾ ਚਿਹਰਾ ਹੀ
ਉਸਦੇ ਸ਼ਬਦਾਂ ਦਾ ਵਜੂਦ ਸੀ

-0-

ਪਰ ਉਹ
ਨਾ ਆਪਣੇ ਅਰਥਾਂ
ਨਾ ਸ਼ਬਦਾਂ 'ਚ ਮੌਜੂਦ ਸੀ
ਉਹ ਤਾਂ
ਆਪਣੇ ਆਪ ਤੋਂ ਵੀ
ਨਜ਼ਰਾਂ ਚੁਰਾ ਕੇ ਬੈਠਾ ਸੀ
ਆਪਣੇ ਤੋਂ ਦੂਰ ਜਾ ਕੇ
ਬੈਠਾ ਸੀ
ਜਿੱਥੇ ਨਾ ਉਸ ਦਾ ਸ਼ਬਦ ਹੋਵੇ
ਨਾ ਉਸਦਾ ਅਰਥ ਹੋਵੇ
ਨਾ ਉਸਦਾ
ਆਪਣਾ ਆਪ ਹੀ ਹੋਵੇ

-0-

ਆਪਣੇ ਹੋਣ ਤੋਂ

ਉਸਨੂੰ ਬੜਾ ਡਰ ਲੱਗਦਾ
ਸੀ
ਉਸਦਾ ਹੋਣਾ
ਉਸ ਦੁਆਲੇ ਸ਼ਬਦ ਬਣਦਾ
ਸੀ
ਉਸ 'ਚ ਅਰਥ ਜਨਮਦਾ ਸੀ
ਉਸਦੀ ਸੁਤੰਤਰਤਾ ਨੂੰ
ਸ਼ਬਦਾਂ ਤੇ ਅਰਥਾਂ ਦੀ
ਮੌਥਾਜ਼ੀ 'ਚ ਕੈਦ ਕਰਦਾ ਸੀ

-0-

ਉਹ ਨਹੀਂ ਸੀ ਚਾਹੁੰਦਾ
ਉਹ ਸ਼ਬਦ ਦੇ ਝਰੋਖੇ ਚੋਂ
ਵੇਖਿਆ ਜਾਏ
ਅਰਥ ਦੇ ਵਿਸਥਾਰ ਤੋਂ
ਨਾਪਿਆ ਜਾਏ

-0-

ਉਹ ਚਾਹੁੰਦਾ ਸੀ
ਕਿ ਉਸਦਾ ਸੱਚ ਨੰਗਾ
ਨਜ਼ਰ ਆਏ

ਕਿਸੇ ਪਰਦੇ ਦੀ
ਕਿਸੇ ਬਸਤਰ ਦੀ ਮੌਥਾਜ਼ੀ
ਨਾ ਹੰਢਾਏ
ਉਹ ਕਿਸੇ ਅੱਖ
ਕਿਸੇ ਹੱਥ ਦੀ ਛੋਹ ਦਾ
ਕਿਸੇ ਕੰਨ ਕਿਸੇ ਨੱਕ ਕਿਸੇ
ਜੀਭਾਂ ਦਾ ਵਿਸ਼ਾ ਨਾ ਸਦਾਏ

-0-

ਭਾਵੇਂ ਉਹ
ਸਰੀਰਕ ਇੰਦਰੀਆਂ ਦੇ
ਸਪਰਸ਼ ਤੇ ਸੁੰਘਣ ਸ਼ਕਤੀਆਂ
ਤੋਂ ਬਿਨਾਂ
ਮਹਿਸੂਸ ਹੋਣਾ ਚਾਹੁੰਦਾ ਸੀ
ਉਹ ਆਪਣੇ ਸੱਚ ਦਾ
ਸਿਰਫ਼ ਸੱਚ ਕਹਾਉਣਾ
ਚਾਹੁੰਦਾ ਸੀ
ਉਹ ਆਪਣੇ
ਤੇ ਦੇਖਣ ਵਾਲੇ ਦੇ ਵਿਚਕਾਰੋਂ
ਸ਼ਬਦ ਅਰਥ ਦਾ ਪਰਦਾ
ਹਟਾਉਣਾ ਚਾਹੁੰਦਾ ਸੀ
ਇਸ ਲਈ

ਨਾ ਉਹ ਆਪਣੇ ਸ਼ਬਦਾਂ
ਨਾ ਅਰਥਾਂ 'ਚ ਮੌਜ਼ੂਦ ਸੀ
ਨਾ ਸ਼ਬਦ ਨਾ ਅਰਥ
ਉਸਦਾ ਵਜ਼ੂਦ ਸੀ

-0-

ਉਸਦੇ ਸ਼ਬਦ ਹੀ
ਉਸਦੇ ਅਰਥਾਂ ਦਾ ਚਿਹਰਾ ਸਨ
ਉਸਦੇ ਅਰਥਾਂ ਦਾ ਚਿਹਰਾ ਹੀ
ਉਸਦੇ ਸ਼ਬਦਾਂ ਦਾ ਵਜ਼ੂਦ ਸੀ
ਪਰ ਉਹ
ਨਾ ਆਪਣੇ ਅਰਥਾਂ ਨਾ
ਸ਼ਬਦਾਂ 'ਚ ਮੌਜ਼ੂਦ ਸੀ

-----

## ਕਿੰਨਾ ਮੁਸ਼ਕਲ ਹੈ

ਕਿੰਨਾ ਮੁਸ਼ਕਲ ਹੈ
ਮੱਛਲੀ ਦਾ
ਪਾਣੀ ਬਿਨਾ ਰਹਿਣਾ
ਪਾਣੀ ਦਾ ਨਾ ਹੋਣਾ
ਪਾਣੀ ਨੂੰ ਆਪਣਾ ਨਾ
ਕਹਿਣਾ
ਪਾਣੀ 'ਚ ਨਾ ਭਿੱਜਣਾ
ਪਾਣੀ ਚੋਂ ਪਾਣੀ ਦਾ ਨਾ
ਦਿੱਸਣਾ
ਫਿਰ ਵੀ ਜੀਣਾ
ਤੇ ਜ਼ਹਿਰ ਸਾਗਰ ਦਾ ਪੀਣਾ

-0-

ਕਿੰਨਾ ਮੁਸ਼ਕਲ ਹੈ
ਇਕ ਰੁੱਖ ਦਾ
ਜੰਗਲ 'ਚ ਰਹਿ ਕੇ ਵੀ
ਜੰਗਲ ਦਾ ਹੋਣਾ
ਨਾ ਆਪਣੇ ਆਪ ਚੋਂ
ਹਰਿਆਵਲ
ਨਾ ਹਰਿਆਵਲ ਚੋਂ
ਆਪਣੇ ਆਪ ਦਾ ਪਾਉਣਾ

ਫਿਰ ਵੀ ਜੀਣਾ
ਤੇ ਜ਼ਹਿਰ ਜੰਗਲ ਦਾ ਪੀਣਾ

-0-

ਕਿੰਨਾ ਮੁਸ਼ਕਲ ਹੈ
ਇਕ ਰੇਤ ਦੇ ਜ਼ਰੇ ਲਈ
ਸਹਿਰਾ 'ਚ ਰਹਿ ਕੇ ਵੀ
ਸਹਿਰਾ ਦਾ ਨਾ ਹੋਣਾ
ਸਹਿਰ ਦੀ ਤੱਪਸ਼ ਤੋਂ
ਨਿਰਲੇਪ ਰਹਿਣਾ
ਸਹਿਰਾ ਨੂੰ
ਨਾ ਆਪਣਾ ਕਹਿਣਾ
ਫਿਰ ਵੀ ਜੀਣਾ
ਤੇ ਜ਼ਹਿਰ ਸਹਿਰਾ ਦਾ ਪੀਣਾ

-0-

ਕਿੰਨਾ ਮੁਸ਼ਕਲ ਹੈ
ਇਕ ਕਿਣਕੇ ਦਾ
ਪਹਾੜ 'ਚ ਜੀਅ ਕੇ ਵੀ
ਪਹਾੜ ਨੂੰ ਆਪਣੇ 'ਚ
ਨਾ ਜੀਣਾ
ਪਹਾੜ ਨੂੰ ਆਪਣਾ
ਨਾ ਕਹਿਣਾ
ਪਹਾੜ ਦੀ ਬੁੱਕਲ 'ਚ

ਗ਼ੈਰ ਹੋ ਕੇ ਰਹਿਣਾ
ਫਿਰ ਵੀ ਜੀਣਾ
ਤੇ ਜ਼ਹਿਰ ਦਾ ਪੀਣਾ

-0-

ਮੈਂ ਮੱਛਲੀ
ਰੁੱਖ ਜ਼ਰਾ ਤੇ ਕਿਣਕਾ
ਮਨੁੱਖ ਹਾਂ
ਜੋ ਦੁਨੀਆਂ ਦੇ ਸਮੁੰਦਰ 'ਚ
ਜੰਗਲ 'ਚ ਸਹਿਰਾ 'ਚ
ਪਹਾੜ 'ਚ
ਮਛਲੀ ਰੁੱਖ ਜ਼ਰੇ ਤੇ ਕਿਣਕੇ
ਵਾਗ ਜੀਅ ਰਿਹਾ ਹਾਂ
ਪਰ ਹਰ ਵਾਰ ਹੀ
ਆਪਣੀ ਖ਼ੁਦਕੁਸ਼ੀ
ਸੂਲੀ ਫਾਂਸੀ ਤੇ ਮੌਤ ਦੀ
ਸਰਦਲ ਤੋਂ ਪਰਤਿਆ ਹਾਂ
ਮੈਂ ਆਪਣੀ ਜਿੰਦ
ਮੌਤ ਦੀ ਸਰਦਲ ਤੇ ਧਰ
ਆਇਆ ਹਾਂ
ਆਪਣੇ ਕਲਬੂਤ ਸੰਗ
ਓਪਰੇ ਸਮੁੰਦਰ ਪਰਾਏ ਜੰਗਲ
ਅਜ਼ਨਬੀ ਸਹਿਰਾ ਤੇ ਬੇਗ਼ਾਨੇ
ਪਹਾੜ ਦੀ ਦੁਨੀਆਂ 'ਚ
ਪਰਤ ਆਇਆ ਹਾਂ

-----

## ਖੋਜ

ਉਹ
ਉਸਨੂੰ ਆਪਣੇ
ਸਾਥ ਲੈ ਤੁਰਿਆ ਸੀ
ਉਹ ਅੱਗੇ ਨਿਕਲ ਗਿਆ
ਉਹ ਪਿੱਛੇ ਰਹਿ ਗਿਆ

-0-

ਜੋ ਪਿਛੇ ਰਹਿ ਗਿਆ ਸੀ
ਉਸਨੂੰ
ਆਪਣੇ ਪਿੰਡ ਦੀਆਂ ਗਲੀਆਂ
ਮੁਹੱਲਿਆਂ
ਧੀਆਂ ਪੁੱਤਰਾਂ ਰਿਸ਼ਤੇਦਾਰਾਂ
ਮਿੱਤਰਾਂ ਲੋਕਾਂ
ਤੇ ਚੌਹ ਕਿੱਲਿਆਂ ਦੇ ਮੋਹ ਨੇ
ਆ ਘੇਰਿਆ

-0-

ਉਸਨੇ
ਪਿੱਛੇ ਵਲ ਮੂੰਹ ਫੇਰਿਆ
ਉਸਦੇ ਪਿੱਛੇ ਪਿੰਡ ਗਲੀਆਂ
ਮੁਹੱਲੇ
ਧੀਆਂ ਪੁੱਤਰਾਂ ਰਿਸ਼ਤੇਦਾਰਾਂ
ਮਿੱਤਰਾਂ ਤੇ ਲੋਕਾਂ ਦੀਆਂ

ਲੱਤਾਂ ਬਾਹਾਂ ਚਿਹਰੇ ਤੇ ਪੈਰ
ਨੱਸਦੇ ਆ ਰਹੇ ਸਨ
ਜਿਨ੍ਹਾਂ 'ਚ
ਉਹ ਫਿਰ ਘਿਰ ਗਿਆ
ਉਸਦਾ
ਉਸਦੇ ਅਗੇਰੇ ਸੱਚ ਵੱਲੋਂ
ਮੂੰਹ ਫਿਰ ਗਿਆ ਸੀ
ਜਿਥੋਂ ਆਇਆ ਸੀ
ਉਥੇ ਹੀ ਮੁੜ ਗਿਆ

-0-

ਜੋ ਅੱਗੇ ਨਿਕਲ ਆਇਆ
ਸੀ
ਉਹ ਅੱਗੇ ਤੁਰਦਾ ਗਿਆ
ਉਸਦਾ ਮੋਹ
ਪਿੰਡ ਗਲੀਆਂ ਮੁਹੱਲੇ ਲੋਕਾਂ
ਧੀਆ ਪੁੱਤਰਾਂ ਤੋਂ ਟੁੱਟਦਾ ਗਿਆ

-0-

ਉਸਦਾ ਲੋਭ ਮੋਹ ਹੰਕਾਰ
ਸਭ ਪਿੱਛੇ ਰਹਿ ਗਿਆ
ਉਸਦੀ ਦੇਹ ਚੋਂ
ਉਸਦਾ ਕੂੜ ਨੁੱਚੜ ਗਿਆ

ਉਹ ਸੱਚ ਸੁੰਦਰਤਾ
ਤੇ ਕਲਿਆਣ ਨਾਲ ਭਰ
ਗਿਆ
ਉਸਦੇ ਅੱਗੇ ਜਾ ਰਿਹਾ
ਸੱਚ ਰੁਕਿਆ ਤੇ
ਬੋਲਿਆ
ਅੱਜ ਤੋਂ ਤੂੰ ਮੇਰਾ
ਮੈਂ ਤੇਰਾ ਹੋ ਗਿਆ
ਉਸਦੇ ਪਿੰਡੇ 'ਚ ਕਰੋੜਾਂ
ਸੂਰਜਾਂ ਦਾ ਚਾਨਣ ਹੋ ਗਿਆ
ਉਸਦਾ ਪਿੰਡਾ ਜਗਿਆ
ਤੇ ਨੂਰ ਫੈਲਿਆ

-0-

ਜੋ ਪਿੱਛੇ ਰਹਿ ਗਿਆ ਸੀ
ਮੋਹ ਮਾਇਆ ਦੇ ਹਨ੍ਹੇਰੇ 'ਚ
ਉਸਨੂੰ ਚਾਨਣ
ਨਜ਼ਰ ਆਇਆ
ਉਹ ਬੜਾ ਪਛਤਾਇਆ
ਉਸਦਾ ਆਪਣਾ ਚਿਹਰਾ
ਦਰਪਣ ਚੋਂ ਤੱਕਿਆ
ਇਹ ਵੇਖਣ ਲਈ
ਕਿ ਉਸਦਾ ਕੀ ਖਾਸਾ ਹੈ

ਉਸਨੂੰ ਦਰਪਣ ਨੇ
ਦੱਸਿਆ ਉਹ ਦਰਪਣ ਦਾ
ਸਿੱਧਾ ਨਹੀਂ
ਪੁੱਠਾ ਪਾਸਾ ਹੈ
ਰੁਕਣਾ ਹਨ੍ਹੇਰੇ ਦਾ ਵਾਸ ਹੈ
ਸਫ਼ਰ 'ਚ ਰਹਿਣਾ
ਸੱਚ ਦੀ ਤਲਾਸ਼ ਹੈ
ਜਿਥੇ ਵੀ ਰੁਕ ਗਿਆ
ਉਥੇ ਹੀ ਮੰਜ਼ਿਲ ਹੈ
ਤੁਰਿਆ ਤਾਂ
ਕਿਸੇ ਵੀ ਰਾਹ ਦਾ
ਨਾ ਪੈਰਾਂ 'ਚ ਵਾਸ ਹੈ

-0-

ਉਹ
ਉਸਨੂੰ ਆਪਣੇ ਸਾਥ
ਲੈ ਕੇ ਤੁਰਿਆ ਸੀ
ਉਹ ਅੱਗੇ ਨਿਕਲ ਗਿਆ
ਉਹ ਪਿੱਛੇ ਰਹਿ ਗਿਆ

------

## ਵਾਦੀਆਂ ਦੀ ਅਵਾਜ਼

ਇਨ੍ਹਾਂ ਪਹਾੜੀਆਂ 'ਚ
ਗੂੰਜਦੀ
ਜੋ ਮੇਰੀ ਅਵਾਜ਼ ਹੈ
ਮੇਰਾ ਸੱਚ ਹੈ
ਮੇਰੀ ਪਹਿਚਾਣ ਹੈ
ਜੋ ਪਹਾੜ ਚੋਂ ਹੋ ਕੇ ਆਉਂਦੀ
ਮੇਰੀ ਦੇਹ ਦੇ ਮੰਦਰ ਦੀ
ਘੰਟੀ ਵਜਾਉਂਦੀ
ਮੈਂ ਤੇਰੀ ਹਾਂ
ਤੇਰੇ ਕੋਲ ਪਰਤ ਆਈ ਹਾਂ
ਕਿਉਂਕਿ
ਮੈਂ ਤੇਰਾ ਸੱਚ ਹਾਂ
ਤੇਰੀ ਸੱਚਾਈ ਹਾਂ

-0-

ਪਹਾੜ 'ਚ ਮਾਰੀ ਅਵਾਜ਼
ਜਦ ਪਰਤ ਕੇ ਆਉਂਦੀ ਹੈ
ਆਪਣੀ ਹੋਂਦ ਦੇ ਸੱਚ ਦਾ
ਅਹਿਸਾਸ ਦਿਵਾਉਂਦੀ ਹੈ
ਜੋ ਸੱਚ ਨਜ਼ਰ ਨਹੀਂ ਆਉਂਦਾ
ਸਿਰਫ਼ ਅਨੁਭਵ ਹੁੰਦਾ ਹੈ
ਪਹਾੜੀ ਵਾਦੀਆਂ 'ਚ
ਇਸ ਸੱਚ ਦਾ ਲੰਮੇਰਾ ਪਲ
ਹੁੰਦਾ ਹੈ

ਜੋ ਕਈ ਚਿਰ ਗੂੰਜਦਾ ਹੈ
ਆਪਣਾ ਹੋ ਕੇ
ਪਰਤ ਆਉਂਦਾ ਹੈ
ਸੱਚ ਦੇ ਸੱਚ ਨੂੰ ਛੋਹ ਕੇ

-0-

ਵਾਦੀਆਂ 'ਚ ਗੂੰਜਦੀ
ਅਵਾਜ਼ ਦਾ ਅਹਿਸਾਸ
ਦੱਸਦਾ ਹੈ
ਕਿ ਮੈਂ ਸੱਚ ਹਾਂ
ਮੈਂ ਕਿਥੋਂ ਆਇਆ ਹਾਂ
ਮੈਂ ਕਿੱਥੇ ਜਾਣਾ ਹੈ
ਕਿਹੜਾ ਮੇਰਾ ਟਿਕਾਣਾ ਹੈ

-0-

ਆਪਣੇ ਆਪ ਦਾ ਪ੍ਰਗਟਾਅ
ਜਦ ਨਜ਼ਰ ਆਉਂਦਾ ਹੈ
ਬੰਦਾ ਬੰਦਾ ਨਹੀਂ
ਆਪਣੇ ਸਵੈ ਦਾ ਸੱਚ ਕਹਾਉਂਦਾ
ਹੈ
ਆਪਣੇ ਆਪ ਨੂੰ
ਮਾਰੀ ਅਵਾਜ਼
ਆਪਣੇ ਆਪ ਨੂੰ ਸੁਣਾਉਂਦੀ ਹੈ
ਸੁਣਾ ਕੇ ਆਪਣੇ ਆਪ ਨੂੰ
ਆਪਣੇ ਆਪ 'ਚ ਹੀ ਪਰਤ
ਆਉਂਦੀ ਹੈ

-0-

ਇਹ ਅਵਾਜ਼ ਹੀ
ਬੰਦੇ ਨੂੰ
ਆਪਣੇ ਆਦਿ ਤੇ ਅੰਤ ਤੋਂ
ਵਾਕਿਫ਼ ਕਰਵਾਉਂਦੀ ਹੈ
ਜਨਮ ਤੇ ਮਰਨ ਦਾ
ਭੇਦ ਖੋਲ੍ਹਦੀ ਹੈ
ਆਪਣੇ ਆਪ ਨੂੰ ਮਾਰੀ
ਅਵਾਜ਼
ਜਦ ਆਪਣੇ ਆਪ ਨੂੰ
ਬੁਲਾਉਂਦੀ ਹੈ
ਮਨੁੱਖ ਨੂੰ ਕਤਰੇ ਦੇ ਸੱਚ
ਦੀ ਸਮਝ ਆਉਂਦੀ ਹੈ

-0-

ਇਨ੍ਹਾਂ
ਪਹਾੜੀਆਂ 'ਚ ਗੂਜਦੀ
ਜੋ ਮੇਰੀ ਅਵਾਜ਼ ਹੈ
ਮੇਰਾ ਸੱਚ ਹੈ
ਮੇਰੀ ਪਹਿਚਾਣ ਹੈ

-----

## ਪੱਥਰ ਤੇ ਰੱਬ

ਪੱਥਰ ਤਾਂ ਪੱਥਰ ਹੁੰਦਾ ਹੈ
ਪੱਥਰ 'ਚ ਪੱਥਰ ਹੁੰਦਾ ਹੈ
ਪੱਥਰ 'ਚ ਰੱਬ ਨਹੀਂ ਹੁੰਦਾ
ਰੱਬ ਦਾਭਰਮ ਹੁੰਦਾ ਹੈ
ਰੱਬ ਦਾ ਸੱਚ ਨਹੀਂ ਹੁੰਦਾ

-0-

ਰੱਬ ਦਾ ਸੰਕਲਪ
ਬੁੱਤਘਾੜੇ ਦੇ ਮਸਤਕ 'ਚ
ਹੁੰਦਾ ਹੈ
ਰੱਬ ਦਾ ਵਜ਼ੂਦ
ਬੁੱਤਘਾੜੇ ਦੇ ਹੱਥਾਂ 'ਚ ਹੁੰਦਾ ਹੈ
ਜੋ ਪੱਥਰ ਦੇ ਵਜ਼ੂਦ ਚੋਂ
ਬੁੱਤ ਸਿਰਜਦਾ ਹੈ
ਬੁੱਤ ਦੇ ਨੈਣ ਨਕਸ਼ ਤੇ ਅੰਗ
ਘੜਦਾ ਹੈ
ਉਸ 'ਚ
ਸੱਚ ਸੁੰਦਰਤਾ ਕਲਿਆਣ ਦੀ
ਤਾਸੀਰ ਜ਼ਮੀਰ ਤੇ
ਅਕਸੀਰ ਧਰਦਾ ਹੈ

-0-

ਜਿਸਦੀ ਸੁੰਦਰਤਾ
ਮਨੱਖ ਦੇ ਦਿਲ 'ਚ ਉਤਰ ਜਾਂਦੀ ਹੈ

ਜਿਸਦੀ ਪ੍ਰਤਿਭਾ
ਮਨੁੱਖ ਦੀਆਂ ਨਜ਼ਰਾਂ ਨੂੰ
ਖਾਂਦੀ ਹੈ
ਜਿਸਦਾ ਰੰਗ ਰੂਪ ਤੇ
ਪ੍ਰਭਾਵ
ਮਨੁੱਖ ਦੇ ਦਿਲੋ ਦਿਮਾਗ਼ ਤੇ
ਛਾ ਜਾਂਦਾ ਹੈ
ਕਿ ਬੁੱਤ ਚੋਂ ਮਨੁੱਖ ਨੂੰ
ਖ਼ੁਦਾ ਨਜ਼ਰ ਆ ਜਾਂਦਾ ਹੈ

-0-

ਪੱਥਰ ਤਾਂ ਪੱਥਰ ਹੁੰਦਾ ਹੈ
ਪੱਥਰ 'ਚ ਪੱਥਰ ਹੁੰਦਾ ਹੈ
ਪੱਥਰ 'ਚ ਰੱਬ ਨਹੀਂ ਹੁੰਦਾ
ਰੱਬ ਦਾ ਭਰਮ ਹੁੰਦਾ ਹੈ
ਰੱਬ ਦਾ ਸੱਚ ਨਹੀਂ ਹੁੰਦਾ

------

# ਬਾਪ ਕਿ ਰੱਬ

ਉਹ ਜੰਗਲ ਜੰਗਲ
ਪਹਾੜ ਪਹਾੜ
ਸਾਗਰ ਸਾਗਰ
ਸਹਿਰਾ ਸਹਿਰਾ ਘੁੰਮਿਆਂ
ਉਸਦੀ ਤਲਾਸ਼ 'ਚ
ਜੋ ਉਸ ਦਾ ਸੱਚ ਸੀ
ਉਸਦੀ ਪਹਿਚਾਣ ਸੀ

-0-

ਜੋ ਉਸਦੇ ਲਹੂ 'ਚ
ਗਿੜਦਾ ਸੀ
ਉਸਦੀ ਨਜ਼ਰ ਦੇ
ਦਿਸਹੱਦਿਆਂ ਤੇ
ਜਿਸਦੀ ਖ਼ੁਸ਼ਬੂ ਸੀ
ਜੋ ਉਸਦੇ ਪ੍ਰਾਣਾਂ ਦੀ
ਗਤੀ ਸੀ
ਉਸ ਦੀ ਦੇਹ
ਜਿਸਦੀ ਪ੍ਰਕਰਮਾਂ ਕਰਦੀ
ਸੀ
ਜੋ ਉਸਦੇ ਅੰਤਾਕਰਣ ਦੀ
ਸਮੱਗਰੀ ਸੀ
ਉਸਦੀ ਚੇਤਨਾ ਤੇ ਜਗਿਆਸਾ
ਦੀ ਗਤੀ ਸੀ

-0-

ਉਹ ਕਈ ਵਰ੍ਹੇ
ਰੁੱਖਾਂ ਦੀ ਛਾਵਾਂ ਹੇਠ
ਕਈ ਵਰ੍ਹੇ ਪਾਣੀ 'ਚ
ਕਈ ਵਰ੍ਹੇ ਪਹਾੜਾਂ ਦੀਆਂ
ਖੁਦਰਾਂ 'ਚ
ਕਈ ਵਰ੍ਹੇ ਅੱਗਣ ਦੀ ਬੁੱਕਲ 'ਚ
ਬੈਠਾ ਰਿਹਾ
ਉਸ ਨੂੰ ਭਾਲਦਾ ਰਿਹਾ
ਉਸ ਨੂੰ ਉਡੀਕਦਾ ਰਿਹਾ
ਪਰ ਨਾ ਉਹ
ਉਸ਼ਨੂੰ ਮਿਲਿਆ
ਨਾ ਉਹ
ਉਸ ਕੋਲ ਹੀ ਆਇਆ

-0-

ਅੰਤ
ਉਹ ਥੱਕ ਹਾਰ ਕੇ
ਆਪਣੇ ਪਿੰਡ ਪਰਤ
ਆਇਆ
ਜਦ
ਆਪਣੇ ਘਰ ਦੀ ਸਰਦਲ
ਟੱਪਿਆ
ਤਾਂ ਉਸ ਵੇਖਿਆ
ਇਕ ਬਹੁਤ ਬਜ਼ੁਰਗ

ਅਲਾਣੀ ਮੰਜੀ ਤੇ ਬੈਠਾ
ਵਾਣ ਵੱਟ ਰਿਹਾ ਸੀ
ਉਸਨੇ ਵੇਖਿਆ
ਉਸਨੂੰ ਬੜੀ ਹੈਰਾਨੀ ਹੋਈ
ਇਹ ਤਾਂ ਉਹੀ ਸੀ
ਉਹ ਚਿਹਰਾ ਸੀ
ਜਿਸਦੀ ਉਸਨੂੰ ਤਲਾਸ਼ ਸੀ
ਜੋ ਉਸਦਾ ਸੱਚ ਸੀ
ਉਸਦੀ ਹੋਂਦ ਸੀ
ਉਸਦੀ ਪਹਿਚਾਣ ਸੀ

-0-

ਉਹ ਬੋਲਿਆ
ਮੈਂ ਤੈਨੂੰ ਪਹਾੜਾਂ ਜੰਗਲਾਂ
ਸਾਗਰਾਂ ਸਹਿਰਾ 'ਚ
ਭਾਲਦਾ ਆਇਆ ਹਾਂ
ਤੂੰ ਤਾਂ ਕਿਤੇ ਵੀ ਨਹੀਂ ਸੈਂ
ਬਜ਼ੁਰਗ ਬੋਲਿਆ
ਮੈਂ ਤਾਂ ਤੇਰੇ ਜਨਮ ਤੋਂ ਹੀ
ਤੇਰੇ ਨਾਲ ਹਾਂ
ਮੈਂ ਤਾਂ ਤੇਰਾ ਬਾਪ ਹਾਂ
ਪਰ ਜਿਸ ਚਿਹਰੇ ਦੀ
ਤੈਨੂੰ ਤਲਾਸ਼ ਸੀ

ਉਸ 'ਨਿਗ੍ਹਾ ਨਾਲ
ਤੂੰ ਅੱਜ ਤਕ ਮੈਨੂੰ ਵੇਖਿਆ
ਹੀ ਨਹੀਂ
ਤੂੰ ਹਮੇਸ਼ਾਂ
ਮੈਨੂੰ ਆਪਣਾ ਬਾਪ
ਸਮਝਦਾ ਰਿਹਾ ਹੈਂ

-0-

ਜੇ ਆਪਣਾ
ਸੱਚ ਸਮਝਦਾ
ਤਾਂ ਜਾਣਦਾ ਮੈਂ ਕੌਣ ਹਾਂ
ਮੈਂ ਹੀ ਤੇਰਾ ਅਕਾਸ਼ ਹਾਂ
ਤੇਰੀ ਧਰਤ ਹਾਂ ਤੇਰਾ ਜਲ ਹਾਂ
ਤੇਰੀ ਅੱਗਣ ਹਾਂ ਤੇਰੀ ਪੌਣ ਹਾਂ
ਮੈਂ ਹੀ ਤੇਰੇ ਕਤਰੇ ਦਾ ਅੰਸ਼ ਹਾਂ
ਤੇਰੀ ਦੇਹ 'ਚ
ਤੇਰੀ ਆਤਮਾ ਦਾ ਰੂਪ ਹਾਂ
ਅੱਜ ਤੂੰ
ਮੈਨੂੰ ਵੇਖਣ ਦੀ ਨਜ਼ਰ ਪਾਈ ਹੈ
ਤਾਂ ਮੇਰੇ ਚਿਹਰੇ ਚੋਂ
ਤੈਨੂੰ ਆਪਣੇ ਸੱਚ ਨੇ ਦਿੱਤੀ
ਵਿਖਾਈ ਹੈ

-----

## ਦੀਵਾਰ

ਉਹ ਆਪਣੇ ਆਪ ਹੀ
ਆਪਣੇ ਤੇ ਆਪਣੇ 'ਚ
ਦੀਵਾਰ ਸੀ
ਅੱਧਾ ਦੀਵਾਰ ਦੇ
ਇਸ ਪਾਰ ਸੀ
ਅੱਧਾ ਦੀਵਾਰ ਦੇ
ਉਸ ਪਾਰ ਸੀ

-0-

ਦੀਵਾਰ ਦੇ
ਇਸ ਪਾਰ ਦਾ ਹਿੱਸਾ
ਉਸ ਪਾਰ ਦੇ ਹਿੱਸੇ ਦਾ
ਦਰਪਣ ਸੀ
ਦੀਵਾਰ ਦੇ ਉਸ ਪਾਰ ਦਾ
ਹਿੱਸਾ
ਇਸ ਪਾਰ ਦੇ ਹਿੱਸੇ
ਦਾ ਚਿਹਰਾ ਸੀ

-0-

ਚਿਹਰਾ
ਆਪਣੀ ਪਹਿਚਾਣ ਦੀ
ਤਲਾਸ਼ 'ਚ
ਦੀਵਾਰ ਨਾਲ ਸਿਰ ਟੱਕਰਾ
ਟੱਕਰਾ ਕੇ ਮਾਰ ਗਿਆ

ਦਰਪਣ ਚਿਹਰੇ ਦੀ
ਪਹਿਚਾਣ ਲਈ
ਆਪਣਾ ਆਪ
ਚੂਰ ਚੂਰ ਕਰ ਗਿਆ

-0-

ਅੱਜ ਮੋਏ ਚਿਹਰੇ ਦੀ
ਸ਼ਨਾਖ਼ਤ ਲਈ
ਚੂਰ ਚੂਰ ਹੋਏ ਦਰਪਣ ਦੀ
ਪਹਿਚਾਣ ਲਈ
ਲੋਕਾਂ ਦੀ ਭੀੜ ਜੁੜੀ ਹੈ
ਉਹ ਚਿਹਰਾ ਵੀ
ਭੀੜ ਦਾ ਨਹੀਂ
ਉਹ ਦਰਪਣ ਵੀ
ਭੀੜ ਦਾ ਨਹੀਂ
ਭੀੜ 'ਚ ਭੀੜ ਦੀ
ਆਪਣੀ ਦੀਵਾਰ ਖੜ੍ਹੀ ਹੈ
ਜਿਸਦੇ
ਚਿਹਰਿਆਂ ਦੇ ਤਿੜਕੇ
ਅੰਗ ਤੇ ਨਕਸ਼
ਖਿਲਰੇ ਹਨ
ਦੂਜੇ ਪਾਸੇ
ਚੂਰ ਚੂਰ ਹੋਏ ਦਰਪਣ ਦੇ
ਟੁੱਕੜੇ ਬਿਖ਼ਰੇ ਹਨ

-0-

ਅੰਗਾਂ ਤੇ ਨਕਸ਼ਾਂ ਚੋਂ
ਦਰਪਣ ਦੇ ਬਿਖ਼ਰੇ
ਟੁੱਕੜਿਆਂ ਚੋਂ
ਭੀੜ ਨੂੰ ਆਪਣਾ ਸੱਚ
ਨਜ਼ਰ ਆਇਆ ਹੈ
ਭੀੜ ਨੇ ਆਪਣੇ ਚਿਹਰੇ ਤੇ
ਦਰਪਣ 'ਚ
ਇਕ ਖੜ੍ਹੀ ਦੀਵਾਰ ਨੂੰ
ਪਾਇਆ ਹੈ

-----

## ਇਕ ਹੀ ਸ਼ਕਸ

ਉਸਦੇ
ਜਾਣ ਤੋਂ ਪਹਿਲਾਂ
ਰੰਗ ਸਨ
ਫੁੱਲ ਸਨ ਕਲੀਆਂ ਸਨ
ਮਹਿਕਾਂ ਸਨ
ਮੌਸਮਾਂ ਬਹਾਰਾਂ ਨਾਲ
ਲੱਦਿਆ ਗੁਲਜ਼ਾਰ ਸੀ

-0-

ਉਸਦੇ ਜਾਣ ਪਿਛੋਂ
ਉਦਾਸੀ ਸੀ
ਚੁੱਪ ਸੀ
ਪਤਝੜ ਸੀ ਉਜਾੜ ਸੀ
ਅੱਖੀਆਂ 'ਚ
ਅੱਥਰੂ ਸਨ
ਸਿਰ ਤੋਂ ਪੈਰਾਂ ਤੀਕ
ਵੀਰਾਨ ਗੁਲਜ਼ਾਰ ਸੀ

-0-

ਜਾਣ ਤੋਂ
ਪਹਿਲਾਂ
ਉਸਦਾ ਮੁੱਖ ਮੇਰੇ ਵੱਲ ਸੀ
ਜਾਣ ਤੋਂ ਪਿਛੋਂ

ਉਸਦੀ ਪਿੱਠ
ਮੇਰੇ ਨੈਣਾਂ ਦੀ ਨਜ਼ਰ ਸੀ
ਬਸ
ਮੁੱਖ ਤੇ ਪਿੱਠ ਦਾ ਫ਼ਰਕ ਸੀ
ਉਂਜ
ਉਹ ਇਕ ਹੀ ਸ਼ਕਸ ਸੀ

-0-

ਉਸਦੇ ਜਾਣ ਤੋਂ
ਪਹਿਲਾਂ
ਰੰਗ ਸਨ ਫੁੱਲ ਸਨ
ਕਲੀਆਂ ਸਨ ਮਹਿਕਾਂ ਸਨ
ਮੌਸਮਾਂ ਬਹਾਰਾਂ ਰੁੱਤਾਂ ਸੰਗ
ਲੱਦਿਆ ਗੁਲਜ਼ਾਰ ਸੀ

-----

## ਬਸਤੀ ਦੀ ਕਬਰ

ਉਹ ਬਸਤੀ ਛੱਡ ਕੇ
ਕਿੱਧਰ ਗਿਆ ਕਿੱਥੇ ਗਿਆ
ਉਹ ਤਾਂ
ਆਪਣੇ ਪੈਰਾਂ ਦੇ ਨਿਸ਼ਾਨ ਵੀ
ਮਿਟਾ ਗਿਆ

-0-

ਬਸਤੀ ਦੇ ਹਰ ਬਜ਼ਾਰ 'ਚ
ਉਹ ਵਿੱਕਦਾ ਨਜ਼ਰ ਆਉਂਦਾ ਸੀ
ਬਸਤੀ ਦੀ ਹਰ ਸੜਕ ਤੇ
ਉਹ ਤੁਰਦਾ ਨਜ਼ਰ ਆਉਂਦਾ ਸੀ
ਬਸਤੀ ਦੀ ਹਰ ਗਲੀ ਚੋਂ
ਉਸ ਦਾ ਚਿਹਰਾ ਝਾਕਦਾ ਸੀ
ਬਸਤੀ ਦੇ ਹਰ ਦਰਵਾਜ਼ੇ ਤੇ
ਉਸ ਦਾ ਦਸਤਕ ਸੀ

-0-

ਅੱਜ ਬਸਤੀ ਦਾ ਕਲਬੂਤ ਹੈ
ਰੂਹ ਨਹੀਂ
ਪੱਥਰ ਹਨ ਲੋਕ ਨਹੀਂ
ਉਜਾੜ ਹੈ ਬਜ਼ਾਰ ਨਹੀਂ
ਸੜਕਾਂ ਹਨ ਮੁਸਾਫ਼ਰ ਨਹੀਂ
ਘਰ ਹਨ ਵੱਸਣ ਨਹੀਂ

ਚੁੱਲ੍ਹੇ ਹਨ ਨਿੱਘ ਨਹੀਂ
ਘੜੇ ਹਨ ਜਲ ਨਹੀਂ
ਮਕਾਨ ਹਨ ਘਰ ਨਹੀਂ
ਗਲੀਆਂ ਹਨ ਬਾਲ ਨਹੀਂ

-0-

ਬਸਤੀ ਦਾ ਸਭ ਕੁੱਝ
ਉਂਜ ਦਾ ਉਂਜ ਹੀ ਪਿਆ ਹੈ
ਪਰ ਬਸਤੀ 'ਚ ਉਹ ਨਹੀਂ
ਬਸਤੀ ਕਬਰ ਦੀ ਢੇਰੀ ਹੈ
ਬਸਤੀ 'ਚ ਬਸਤੀ ਦੀ ਰੂਹ
ਜੋ ਨਹੀਂ

------



ਹਰ ਕੋਈ ਉਧਾਰੀ ਨਜ਼ਰ
ਉਧਾਰੀ ਜੀਭਾ ਉਧਾਰੇ ਕੰਨ
ਉਧਾਰੀ ਸੋਚ ਉਧਾਰੇ ਅਨੁਭਵ
ਦੀ ਖਿੜਕੀ ਚੋਂ ਵੇਖ ਰਿਹਾ ਹੈ
ਉਧਾਰ ਦੀ ਸਮੱਗਰੀ ਤੇ
ਇਤਬਾਰ ਕਰ ਰਿਹਾ ਹੈ
ਆਪਣਾ ਸੱਚ ਭਰਮ ਦੀ
ਸੂਲੀ ਦੀ ਭੇਂਟ ਕਰ ਰਿਹਾ ਹੈ

ਆਗ਼ਮਨ ਵਿਚੋਂ

ਮੇਰੀ ਜ਼ਫਾ ਲਈ
ਜੋ ਜ਼ਖ਼ਮ ਦੇ ਗਿਆ ਸੈਂ ਤੂੰ
ਉਹ ਜ਼ਖ਼ਮ ਤਾਂ ਮਿੱਟ ਗਏ ਹਨ
ਪਰ ਉਨ੍ਹਾਂ ਜ਼ਖ਼ਮਾਂ ਦੇ ਦਾਗ਼
ਫੁੱਲ ਬਣ ਕੇ
ਮੇਰੇ ਚਿਹਰੇ ਤੇ ਉੱਗ ਆਏ ਹਨ

ਪ੍ਰਵਾਜ਼ ਵਿਚੋਂ

-ਚਰਨ ਸਿੰਘ